9-MAR-PAGE-1.qxd 3/8/2024 8:59 PM Page 1

ਸ਼ਨੀਵਾਰ, 9 ਮਾਰਚ, 2024
26 ਫੱਗਣ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 279

# ਨਵਾਂ ਜ਼ਮਾਨਾ

DAILY NAWAN ZAMANA • SATURDAY, 9 MARCH, 2024
ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 14

## ਚੋਣਾਂ ਮੌਕੇ ਗੈਸ ਸਿਲੰਡਰ ਦਾ ਭਾਅ 100 ਰੁਪਏ ਘਟਾਇਆ



**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨੇ ਸ਼ੁੱਕਰਵਾਰ ਕੌਮਾਂਤਰੀ ਮਹਿਲਾ ਦਿਵਸ 'ਤੇ ਨਾਰੀ ਸ਼ਕਤੀ ਨੂੰ ਵਧਾਈ ਦਿੰਦਿਆਂ ਐੱਲ ਪੀ ਜੀ ਗੈਸ ਸਿਲੰਡਰ ਦੀ ਕੀਮਤ ਵਿਚ 100 ਰੁਪਏ ਦੀ ਛੋਟ ਦਾ ਐਲਾਨ ਕੀਤਾ। ਉਨ੍ਹਾ ਕਿਹਾ ਕਿ ਇਸ ਨਾਲ ਮਹਿਲਾ ਸ਼ਕਤੀ ਦਾ ਜੀਵਨ ਆਸਾਨ ਹੋਣ ਦੇ ਨਾਲ-ਨਾਲ ਵੀ ਕਰੋੜਾਂ ਪਰਵਾਰਾਂ ਦਾ ਆਰਥਿਕ ਬੋਝ ਵੀ ਘਟੇਗਾ।

## ਜੇਲ੍ਹ ਸੁਪਰਡੈਂਟ ਗ੍ਰਿਫ਼ਤਾਰ

**ਡਿਬਰੂਗੜ੍ਹ** : ਅਸਾਮ ਦੀ ਡਿਬਰੂਗੜ੍ਹ ਜੇਲ੍ਹ ਦੇ ਸੁਪਰਡੈਂਟ ਨਿਪੇਨ ਦਾਸ ਨੂੰ ਸ਼ੁੱਕਰਵਾਰ ਤੜਕੇ ਗ੍ਰਿਫ਼ਤਾਰ ਕਰ ਲਿਆ ਗਿਆ। ਜੇਲ੍ਹ ਵਿਚ ਬੰਦ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਪਾਸੋਂ 17 ਫਰਵਰੀ ਨੂੰ ਮੋਬਾਈਲ ਫੋਨ ਅਤੇ ਜਾਸੂਸੀ ਕੈਮਰੇ ਸਮੇਤ ਹੋਰ ਇਤਰਾਜ਼ਯੋਗ ਸਮੱਗਰੀ ਬਰਾਮਦ ਹੋਣ ਤੋਂ ਬਾਅਦ ਇਹ ਗ੍ਰਿਫ਼ਤਾਰੀ ਕੀਤੀ ਗਈ।

## 287 ਵਿਦਿਆਰਥੀ ਅਗਵਾ

**ਅਬੂਜਾ** : ਬੰਦੂਕਧਾਰੀਆਂ ਨੇ ਸ਼ੁੱਕਰਵਾਰ ਨਾਇਜੀਰੀਆ ਦੇ ਉੱਤਰੀ-ਪੱਛਮੀ ਖੇਤਰ ਦੇ ਸਕੂਲ 'ਤੇ ਹਮਲਾ ਕਰ ਕੇ 287 ਵਿਦਿਆਰਥੀਆਂ ਨੂੰ ਅਗਵਾ ਕਰ ਲਿਆ। ਹਮਲਾਵਰਾਂ ਨੇ ਕਦੂਨਾ ਰਾਜ ਦੇ ਕੁਰੀਗਾ ਕਸਬੇ ਦੇ ਸਰਕਾਰੀ ਸਕੂਲ ਨੂੰ ਸਵੇਰੇ 8 ਵਜੇ ਦੇ ਕਰੀਬ ਘੇਰ ਲਿਆ। ਪ੍ਰਿੰਸੀਪਲ ਸਾਨੀ ਅਬਦੁੱਲਾਹੀ ਨੇ ਕਦੂਨਾ ਦੇ ਗਵਰਨਰ ਉਬਾ ਸਾਨੀ ਨੂੰ ਦੱਸਿਆ ਕਿ ਲਾਪਤਾ ਬੱਚਿਆਂ ਦੀ ਗਿਣਤੀ 287 ਹੈ।

## ਟੇਰਕਿਆਣਾ ਦੇ ਦੋ ਨੌਜਵਾਨਾਂ ਦੀ ਅਮਰੀਕਾ 'ਚ ਮੌਤ



**ਦਸੂਹਾ** : ਅਮਰੀਕਾ ਦੇ ਕੈਲੀਫੋਰਨੀਆ ਸੂਬੇ 'ਚ ਸੜਕ ਹਾਦਸੇ ਕਾਰਨ ਪਿੰਡ ਟੇਰਕਿਆਣਾ ਦੇ 2 ਨੌਜਵਾਨਾਂ ਦੀ ਮੌਤ ਹੋ ਗਈ। ਸੁਖਜਿੰਦਰ ਸਿੰਘ ਉਰਫ ਸੌਰਵ (25) ਪੁੱਤਰ ਸਰੂਪ ਸਿੰਘ ਤੇ ਸਿਮਰਨਜੀਤ ਸਿੰਘ (23) ਪੁੱਤਰ ਰਵਿੰਦਰ ਸਿੰਘ ਕਰੀਬ 2 ਸਾਲ ਪਹਿਲਾਂ ਅਮਰੀਕਾ ਗਏ ਸਨ ਅਤੇ ਇੱਕੋ ਟਰੱਕ ਚਲਾਉਂਦੇ ਸਨ। ਉਹ 7 ਮਾਰਚ ਨੂੰ ਸੜਕ ਹਾਦਸੇ ਦੇ ਸ਼ਿਕਾਰ ਹੋਏ।

## ਸੁਧਾ ਮੂਰਤੀ ਰਾਜ ਸਭਾ ਲਈ ਨਾਮਜ਼ਦ



**ਨਵੀਂ ਦਿੱਲੀ** : ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸਮਾਜ ਸੇਵਿਕਾ ਅਤੇ ਮੂਰਤੀ ਟਰੱਸਟ ਦੀ ਚੇਅਰਪਰਸਨ ਸੁਧਾ ਮੂਰਤੀ ਨੂੰ ਰਾਜ ਸਭਾ ਲਈ ਨਾਮਜ਼ਦ ਕੀਤਾ ਹੈ। ਮੂਰਤੀ, ਇਨਫੋਸਿਸ ਦੇ ਸਹਿ-ਸੰਸਥਾਪਕ ਐੱਨ ਆਰ ਨਰਾਇਣ ਮੂਰਤੀ ਦੀ ਪਤਨੀ ਹੈ। ਉਸ ਨੇ ਕਈ ਕਿਤਾਬਾਂ ਲਿਖੀਆਂ ਹਨ। 73 ਸਾਲਾ ਮੂਰਤੀ ਨੂੰ 2006 'ਚ ਪਦਮਸ੍ਰੀ ਅਤੇ 2023 'ਚ ਪਦਮ ਭੂਸ਼ਣ ਨਾਲ ਸਨਮਾਨਤ ਕੀਤਾ ਗਿਆ ਸੀ।

## ਅਮਨਦੀਪ ਸੋਹੀ ਤੋਂ ਬਾਅਦ ਡੌਲੀ ਸੋਹੀ ਦੀ ਵੀ ਮੌਤ



**ਮੁੰਬਈ** : ਟੈਲੀਵਿਜ਼ਨ ਸ਼ੋਅ ਝਨਕ ਅਤੇ ਭਾਬੀ 'ਚ ਸ਼ਾਨਦਾਰ ਅਭਿਨੈ ਕਰਨ ਵਾਲੀ ਅਦਾਕਾਰਾ ਡੌਲੀ ਸੋਹੀ (47) ਦਾ ਸ਼ੁੱਕਰਵਾਰ ਤੜਕੇ ਸਰਵਾਈਕਲ ਕੈਂਸਰ ਕਾਰਨ ਹਸਪਤਾਲ 'ਚ ਦੇਹਾਂਤ ਹੋ ਗਿਆ। ਸੋਹੀ ਦੇ ਭਰਾ ਮਨਪ੍ਰੀਤ ਨੇ ਇਹ ਜਾਣਕਾਰੀ ਦਿੱਤੀ। ਡੌਲੀ ਸੋਹੀ ਦੀ ਭੈਣ ਅਮਨਦੀਪ ਸੋਹੀ ਦੀ ਵੀ ਵੀਰਵਾਰ ਰਾਤ ਪੀਲੀਏ ਕਾਰਨ ਮੌਤ ਹੋ ਗਈ ਸੀ। ਉਹ ਵੀ ਅਭਿਨੇਤਰੀ ਸੀ।

## ਪਾਪਾ, ਮੇਰੇ ਤੋਂ ਇਹ ਨਹੀਂ ਹੋਣਾ !

**ਜੈਪੁਰ** : ਕੋਟਾ 'ਚ ਜੇ ਈ ਈ ਦੇ ਇੱਕ ਹੋਰ ਵਿਦਿਆਰਥੀ ਨੇ ਸ਼ੁੱਕਰਵਾਰ ਆਪਣੇ ਪੇਇੰਗ ਗੈਸਟ ਹਾਊਸ 'ਚ ਸਲਫਾਸ ਖਾ ਕੇ ਖੁਦਕੁਸ਼ੀ ਕਰ ਲਈ। ਉਸ ਨੇ ਸੁਸਾਈਡ ਨੋਟ 'ਚ ਕਿਹਾ-ਪਾਪਾ, ਮੇਰੇ ਤੋਂ ਇਹ ਨਹੀਂ ਹੋਣਾ, ਮੈਂ ਜੇ ਈ ਈ ਪਾਸ ਨਹੀਂ ਕਰ ਸਕਦਾ। ਅਭਿਸ਼ੇਕ ਸਿੰਘ (16) ਬਿਹਾਰ ਦੇ ਭਾਗਲਪੁਰ ਦਾ ਸੀ ਤੇ ਉਸ ਨੇ 29 ਜਨਵਰੀ ਅਤੇ 19 ਫਰਵਰੀ ਨੂੰ ਆਪਣੀ ਕੋਚਿੰਗ 'ਚ ਨਿਰਧਾਰਤ ਦੋ ਪ੍ਰੀਖਿਆਵਾਂ ਨੂੰ ਵੀ ਛੱਡ ਦਿੱਤਾ ਸੀ। ਇਸ ਸਾਲ ਕੋਟਾ 'ਚ ਹੁਣ ਤੱਕ ਛੇ ਵਿਦਿਆਰਥੀ ਖੁਦਕੁਸ਼ੀ ਕਰ ਚੁੱਕੇ ਹਨ।

## ਪੱਤਰਕਾਰਾਂ ਲਈ ਸੂਚਨਾ

'ਨਵਾਂ ਜ਼ਮਾਨਾ' ਦੇ ਜਿਨ੍ਹਾਂ ਪ੍ਰਤੀਨਿਧਾਂ ਦੇ ਸ਼ਨਾਖਤੀ ਕਾਰਡ ਦੀ ਮਿਆਦ ਲੰਘ ਚੁੱਕੀ ਹੈ, ਉਨ੍ਹਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਆਪੋ-ਆਪਣੇ ਕਾਰਡ ਜਲਦੀ ਤੋਂ ਜਲਦੀ 'ਨਵਾਂ ਜ਼ਮਾਨਾ' ਦਫਤਰ ਆ ਕੇ ਬਾਅਦ ਦੁਪਹਿਰ ਸ਼ੁੱਕਰਵਾਰ ਅਤੇ ਸੋਮਵਾਰ ਨੂੰ 2 ਵਜੇ ਤੋਂ ਸ਼ਾਮ 5 ਵਜੇ ਤੱਕ ਨਵਿਆਉਣ। ਪਿਛਲੇ ਸਾਲ ਦੀ ਅਧਿਕਾਰਤ ਪੱਤਰ ਦੀ ਕਾਪੀ ਨਾਲ ਲਿਆਉਣ। **-ਮੈਨੇਜਰ**

# ਰਾਹੁਲ ਵਾਇਨਾਡ ਤੋਂ ਮੁੜ ਉਮੀਦਵਾਰ

### 39 ਉਮੀਦਵਾਰਾਂ ਦੀ ਲਿਸਟ 'ਚ ਕੇਰਲਾ ਦੇ 16, ਕਰਨਾਟਕ ਦੇ 7 ਤੇ ਛੱਤੀਸਗੜ੍ਹ ਦੇ 6 ਸ਼ਾਮਲ




**ਨਵੀਂ ਦਿੱਲੀ** : ਕਾਂਗਰਸ ਨੇ ਲੋਕ ਸਭਾ ਚੋਣਾਂ ਲਈ ਸ਼ੁੱਕਰਵਾਰ 39 ਉਮੀਦਵਾਰਾਂ ਦੀ ਪਹਿਲੀ ਲਿਸਟ ਜਾਰੀ ਕੀਤੀ। ਰਾਹੁਲ ਗਾਂਧੀ ਕੇਰਲਾ ਦੇ ਵਾਇਨਾਡ ਤੋਂ ਹੀ ਲੜਨਗੇ। ਛੱਤੀਸਗੜ੍ਹ ਦੇ ਸਾਬਕਾ ਮੁੱਖ ਮੰਤਰੀ ਭੁਪੇਸ਼ ਬਘੇਲ ਰਾਜਨੰਦਗਾਓਂ ਤੇ ਸ਼ਸ਼ੀ ਥਰੂਰ ਤਿਰੂਅਨੰਤਪੁਰਮ ਤੋਂ ਉਮੀਦਵਾਰ ਹੋਣਗੇ। ਡੀ ਕੇ ਸੁਰੇਸ਼ ਬੇਂਗਲੁਰੂ ਰੂਰਲ, ਕੇ ਸੁਧਾਕਰਨ ਕਨੂੰਰ ਤੇ ਪਾਰਟੀ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ ਕੇਰਲਾ ਦੇ ਅਲਾਪੁਜ਼ਾ ਤੋਂ ਉਮੀਦਵਾਰ ਬਣਾਏ ਗਏ ਹਨ। ਛੱਤੀਸਗੜ੍ਹ ਦੇ ਮਹਾਸਮੁੰਦ ਹਲਕੇ ਤੋਂ ਸਾਬਕਾ ਮੰਤਰੀ ਤਾਮਰਧਵੱਜ ਸਾਹੂ, ਕੋਰਬਾ ਤੋਂ ਜਯੋਤਸਨਾ ਮਹੰਤ, ਰਾਇਪੁਰ ਤੋਂ ਵਿਕਾਸ ਉਪਾਧਿਆਏ ਤੇ ਦੁਰਗ ਤੋਂ ਰਜਿੰਦਰ ਸਾਹੂ ਨੂੰ ਉਮੀਦਵਾਰ ਬਣਾਇਆ ਗਿਆ ਹੈ। ਕੇਰਲਾ ਤੋਂ 16, ਤਿਲੰਗਾਨਾ ਤੋਂ 4, ਕਰਨਾਟਕ ਤੋਂ 7, ਤ੍ਰਿਪੁਰਾ, ਸਿੱਕਮ, ਨਾਗਾਲੈਂਡ ਤੋਂ ਇਕ-ਇਕ, ਮੇਘਾਲਿਆ ਤੋਂ 2 ਉਮੀਦਵਾਰ ਐਲਾਨੇ ਗਏ ਹਨ।

39 ਉਮੀਦਵਾਰਾਂ ਵਿੱਚੋਂ 15 ਜਨਰਲ ਕੈਟਾਗਰੀ ਦੇ ਹਨ, ਜਦਕਿ 24 ਐੱਸ ਸੀ, ਐੱਸ ਟੀ ਤੇ ਘੱਟ ਗਿਣਤੀਆਂ ਤੋਂ ਹਨ। ਉਮੀਦਵਾਰਾਂ ਦੇ ਨਾਵਾਂ ਨੂੰ ਕੇਂਦਰੀ ਚੋਣ ਕਮੇਟੀ ਦੀ ਮੀਟਿੰਗ ਵਿਚ ਮਨਜ਼ੂਰੀ ਦਿੱਤੀ ਗਈ। ਰਾਹੁਲ ਦੇ ਅਮੇਠੀ ਤੋਂ ਵੀ ਲੜਨ ਦਾ ਸਸਪੈਂਸ ਬਰਕਰਾਰ ਹੈ। ਭਾਜਪਾ ਨੇ 2 ਮਾਰਚ ਨੂੰ 16 ਰਾਜਾਂ ਤੇ 2 ਕੇਂਦਰ ਸ਼ਾਸਤ ਪ੍ਰਦੇਸ਼ਾਂ ਤੋਂ 195 ਉਮੀਦਵਾਰਾਂ ਦਾ ਐਲਾਨ ਕੀਤਾ ਸੀ।

# ਕੇਜਰੀਵਾਲ ਤੇ ਮਾਨ ਵੱਲੋਂ ਚੋਣ ਮੁਹਿੰਮ ਸ਼ੁਰੂ



**ਨਵੀਂ ਦਿੱਲੀ** : ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ੁੱਕਰਵਾਰ ਇੱਥੋਂ ਲੋਕ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ ਦੀ ਚੋਣ ਮੁਹਿੰਮ ਸ਼ੁਰੂ ਕਰ ਦਿੱਤੀ। ਇਸ ਮੌਕੇ ਉਨ੍ਹਾਂ ਕਿਹਾ-ਸਾਡਾ ਨਾਅਰਾ ਹੈ ਸੰਸਦ 'ਚ ਵੀ ਕੇਜਰੀਵਾਲ, ਤਦ ਹੀ ਦਿੱਲੀ ਹੋਵੇਗੀ ਖੁਸ਼ਹਾਲ। ਅਪਰੈਲ-ਮਈ 'ਚ ਆਮ ਚੋਣਾਂ ਹੋਣੀਆਂ ਹਨ। ਇਹ ਮੁਹਿੰਮ ਡੀ ਡੀ ਯੂ ਮਾਰਗ ਸਥਿਤ 'ਆਪ' ਦੇ ਮੁੱਖ ਦਫਤਰ ਤੋਂ ਪਾਰਟੀ ਦੇ ਹੋਰ ਆਗੂਆਂ ਤੇ ਵਰਕਰਾਂ ਦੀ ਹਾਜ਼ਰੀ 'ਚ ਸ਼ੁਰੂ ਹੋਈ। ਕੇਜਰੀਵਾਲ ਨੇ ਕਿਹਾ-ਦਿੱਲੀ ਦੇ ਲੋਕ ਮੇਰਾ ਪਰਵਾਰ ਹਨ ਅਤੇ ਮੈਂ ਉਨ੍ਹਾਂ ਦੀ ਸੇਵਾ ਕਰਨ ਦੀ ਪੂਰੀ ਕੋਸ਼ਿਸ਼ ਕੀਤੀ ਹੈ। ਮਾਨ ਨੇ ਕਿਹਾ ਕਿ ਉਨ੍ਹਾਂ ਦੇ ਸੂਬੇ 'ਚ ਪਾਰਟੀ ਲੋਕ ਸਭਾ ਦੀਆਂ ਸਾਰੀਆਂ 13 ਸੀਟਾਂ ਜਿੱਤੇਗੀ।

# ਨਮਾਜ਼ੀਆਂ ਨੂੰ ਠੁੱਡ ਮਾਰਨ ਵਾਲਾ ਪੁਲਸ ਅਫਸਰ ਮੁਅੱਤਲ



**ਨਵੀਂ ਦਿੱਲੀ** : ਦਿੱਲੀ ਪੁਲਸ ਦੇ ਚੌਕੀ ਇੰਚਾਰਜ ਮਨੋਜ ਕੁਮਾਰ ਤੋਮਰ ਨੂੰ ਸ਼ੁੱਕਰਵਾਰ ਮੁਅੱਤਲ ਕਰ ਦਿੱਤਾ ਗਿਆ, ਜਦੋਂ ਉਸ ਦੀ ਇੰਦਰਲੋਕ ਨੇੜੇ ਸੜਕ 'ਤੇ ਨਮਾਜ਼ ਅਦਾ ਕਰ ਰਹੇ ਮੁਸਲਮਾਂ ਨੂੰ ਠੁੱਡੇ ਮਾਰਨ ਦੀ ਵੀਡੀਓ ਵਾਇਰਲ ਹੋ ਗਈ। ਡੀ ਸੀ ਪੀ ਨਾਰਥ ਮਨੋਜ ਮੀਣਾ ਨੇ ਕਿਹਾ ਕਿ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਕਾਂਗਰਸ ਨੂੰ ਝਟਕਾ, ਚਾਰ ਬੈਂਕ ਖਾਤੇ ਸੀਜ਼ ਕਰਨ ਖਿਲਾਫ ਅਪੀਲ ਰੱਦ

**ਨਵੀਂ ਦਿੱਲੀ** : ਲੋਕ ਸਭਾ ਚੋਣਾਂ ਮੌਕੇ ਕਾਂਗਰਸ ਨੂੰ ਤਕੜਾ ਝਟਕਾ ਦਿੰਦਿਆਂ ਇਨਕਮ ਟੈਕਸ ਟ੍ਰਿਬਿਊਨਲ ਨੇ ਸ਼ੁੱਕਰਵਾਰ ਉਸ ਦੀ ਬੈਂਕ ਖਾਤੇ ਸੀਜ਼ ਕਰਨ ਦੀ ਇਨਕਮ ਟੈਕਸ ਵਿਭਾਗ ਦੀ ਕਾਰਵਾਈ ਖਿਲਾਫ ਸਟੇਅ ਦੇਣ ਤੋਂ ਨਾਂਹ ਕਰ ਦਿੱਤੀ। ਕਾਂਗਰਸ ਵੱਲੋਂ ਪੇਸ਼ ਹੋਏ ਐਡਵੋਕੇਟ ਵਿਵੇਕ ਤਨਖਾ ਦੀ ਇਹ ਬੇਨਤੀ ਵੀ ਟ੍ਰਿਬਿਊਨਲ ਦੇ ਬੈਂਚ ਨੇ ਨਹੀਂ ਮੰਨੀ ਕਿ ਉਹ ਆਪਣਾ ਹੁਕਮ 10 ਦਿਨ ਲਈ ਮੁਲਤਵੀ ਕਰ ਦੇਵੇ, ਤਾਂ ਕਿ ਉਹ ਹਾਈ ਕੋਰਟ ਤੱਕ ਪਹੁੰਚ ਕਰ ਸਕਣ। ਬੈਂਚ ਨੇ ਕਿਹਾ ਕਿ ਅਜਿਹੀ ਕੋਈ ਵਿਵਸਥਾ ਨਹੀਂ ਹੈ। ਇਨਕਮ ਟੈਕਸ ਵਿਭਾਗ ਨੇ 2018-19 ਦਾ 210 ਕਰੋੜ ਦਾ ਟੈਕਸ ਲੈਣ ਲਈ ਕਾਂਗਰਸ ਦੇ ਚਾਰ ਮੁੱਖ ਖਾਤੇ ਸੀਜ਼ ਕਰ ਦਿੱਤੇ ਸਨ। ਪਾਰਟੀ ਨੇ ਸਟੇਅ ਲਈ ਟ੍ਰਿਬਿਊਨਲ ਕੋਲ ਪਹੁੰਚ ਕੀਤੀ ਸੀ ਤੇ ਕਿਹਾ ਸੀ ਕਿ ਜੇ ਖਾਤੇ ਸੀਲ ਹੋਏ ਤਾਂ ਉਹ ਬਿੱਲ ਤੇ ਤਨਖਾਹਾਂ ਨਹੀਂ ਦੇ ਸਕੇਗੀ। ਕਾਂਗਰਸ ਦੇ ਖਜ਼ਾਨਚੀ ਅਜੇ ਮਾਕਨ ਨੇ 21 ਫਰਵਰੀ ਨੂੰ ਦੋਸ਼ ਲਾਇਆ ਸੀ ਕਿ ਮਾਮਲੇ ਦੀ ਸੁਣਵਾਈ ਦੌਰਾਨ ਇਨਕਮ ਟੈਕਸ ਵਿਭਾਗ ਨੇ ਬੈਂਕਾਂ ਨੂੰ ਕਿਹਾ ਕਿ ਉਹ ਕਾਂਗਰਸ, ਯੂਥ ਕਾਂਗਰਸ ਤੇ ਐੱਨ ਐੱਸ ਯੂ ਆਈ ਦੇ ਖਾਤਿਆਂ ਵਿੱਚੋਂ 65 ਕਰੋੜ ਰੁਪਏ ਸਰਕਾਰੀ ਖਾਤੇ ਵਿਚ ਪਾ ਦੇਣ। ਮਾਕਨ ਨੇ ਕਿਹਾ ਸੀ—ਕੀ ਕੌਮੀ ਸਿਆਸੀ ਪਾਰਟੀਆਂ ਵੱਲੋਂ ਇਨਕਮ ਟੈਕਸ ਅਦਾ ਕਰਨਾ ਆਮ ਗੱਲ ਹੈ? ਨਹੀਂ। ਕੀ ਭਾਜਪਾ ਇਨਕਮ ਟੈਕਸ ਦਿੰਦੀ ਹੈ? ਨਹੀਂ। ਫਿਰ ਕਾਂਗਰਸ ਤੋਂ ਹੀ 210 ਕਰੋੜ ਦੀ ਅਸਾਧਾਰਨ ਮੰਗ ਕਿਉਂ ਕੀਤੀ ਗਈ? ਕਾਂਗਰਸ 'ਤੇ ਦੋਸ਼ ਹੈ ਕਿ ਉਸ ਨੇ 2017-18 ਦੇ ਵਿੱਤੀ ਸਾਲ ਅਤੇ 2018-19 ਦੇ ਅਸੈਸਮੈਂਟ ਸਾਲ ਦਾ ਇਨਕਮ ਟੈਕਸ ਅਦਾ ਨਹੀਂ ਕੀਤਾ। ਸ਼ੁਰੂਆਤੀ ਬਕਾਏ 103 ਕਰੋੜ ਦੇ ਸਨ ਤੇ ਦੇਰੀ ਦਾ 32 ਕਰੋੜ ਵਿਆਜ ਪੈ ਗਿਆ। ਬਕਾਏ ਦਾ ਫਿਰ ਹਿਸਾਬ ਲਾ ਕੇ ਪਾਰਟੀ ਵੱਲ 6 ਜੁਲਾਈ 2021 ਵਿਚ 105 ਕਰੋੜ ਰੁਪਏ ਕੱਢੇ ਗਏ। ਕਾਂਗਰਸ ਨੇ ਕਮਿਸ਼ਨਰ ਅਪੀਲਜ਼ ਨੂੰ ਅਪੀਲ ਕੀਤੀ, ਪਰ ਲਾਜ਼ਮੀ 20 ਫੀਸਦੀ ਟੈਕਸ ਅਦਾਇਗੀ ਨਹੀਂ ਕੀਤੀ। ਇਨਕਮ ਟੈਕਸ ਵਿਭਾਗ ਦੇ ਸੂਤਰਾਂ ਮੁਤਾਬਕ ਕੇਸ ਲੰਮਾ ਖਿੱਚਣ 'ਤੇ ਪਾਰਟੀ ਨੇ ਕੁਝ ਅਦਾਇਗੀ ਕੀਤੀ, ਪਰ ਬਕਾਇਆਂ ਨੂੰ ਚੈਲੰਜ ਨਹੀਂ ਕੀਤਾ।

## ਪਵਾਰ ਦੇ ਪੋਤੇ ਦੀ 50 ਕਰੋੜ ਦੀ ਜਾਇਦਾਦ ਕੁਰਕ



**ਮੁੰਬਈ** : ਈ ਡੀ ਨੇ ਨੈਸ਼ਨਲਿਸਟ ਕਾਂਗਰਸ ਪਾਰਟੀ (ਸ਼ਰਦ ਪਵਾਰ) ਦੇ ਸੁਪਰੀਮੋ ਸ਼ਰਦ ਪਵਾਰ ਦੇ ਵਿਧਾਇਕ ਪੋਤੇ ਰੋਹਿਤ ਪਵਾਰ ਦੀ ਖੰਡ ਮਿੱਲ ਦੀ 50 ਕਰੋੜ ਰੁਪਏ ਤੋਂ ਵੱਧ ਦੀ ਜਾਇਦਾਦ ਸ਼ੁੱਕਰਵਾਰ ਕੁਰਕ ਕਰ ਲਈ। ਈ ਡੀ ਨੇ ਇਹ ਕਾਰਵਾਈ ਕਥਿਤ ਮਹਾਰਾਸ਼ਟਰ ਰਾਜ ਸਹਿਕਾਰੀ ਬੈਂਕ ਘੁਟਾਲੇ ਤੇ ਮਨੀ ਲਾਂਡਰਿੰਗ ਮਾਮਲੇ 'ਚ ਕੀਤੀ ਹੈ। ਈ ਡੀ ਨੇ ਕਿਹਾ ਕਿ ਔਰੰਗਾਬਾਦ ਜ਼ਿਲ੍ਹੇ ਦੇ ਕੰਨੜ ਪਿੰਡ 'ਚ ਸਥਿਤ ਕੰਨੜ ਸਹਿਕਾਰੀ ਸਾਖਰ ਕਾਰਖਾਨਾ ਲਿਮਟਿਡ ਦੀ ਕੁੱਲ 161.30 ਏਕੜ ਜ਼ਮੀਨ, ਪਲਾਂਟ, ਮਸ਼ੀਨਰੀ ਅਤੇ ਇਮਾਰਤਾਂ ਨੂੰ ਮਨੀ ਲਾਂਡਰਿੰਗ ਰੋਕੂ ਕਾਨੂੰਨ ਦੇ ਤਹਿਤ ਅਸਥਾਈ ਤੌਰ 'ਤੇ ਕੁਰਕ ਕੀਤਾ ਗਿਆ ਹੈ।

### ਸਟੇਟ ਬੈਂਕ ਖਿਲਾਫ ਪਟੀਸ਼ਨ 'ਤੇ ਸੁਣਵਾਈ 11 ਨੂੰ

**ਨਵੀਂ ਦਿੱਲੀ** : ਸੁਪਰੀਮ ਕੋਰਟ ਦੀ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਰਾਜਨੀਤਕ ਪਾਰਟੀਆਂ ਵੱਲੋਂ ਨਕਦੀ ਵਿਚ ਤਬਦੀਲ ਕੀਤੇ ਹਰ ਚੋਣ ਬਾਂਡ ਦੇ ਵੇਰਵੇ ਦਾ ਖੁਲਾਸਾ ਕਰਨ ਲਈ 30 ਜੂਨ ਤੱਕ ਸਮਾਂ ਵਧਾਉਣ ਦੀ ਭਾਰਤ ਸਟੇਟ ਬੈਂਕ ਦੀ ਅਰਜ਼ੀ 'ਤੇ 11 ਮਾਰਚ ਨੂੰ ਸੁਣਵਾਈ ਕਰੇਗੀ। ਚੀਫ ਜਸਟਿਸ ਡੀ ਵਾਈ ਚੰਦਰਚੂੜ ਦੀ ਅਗਵਾਈ ਵਾਲੀ ਬੈਂਚ ਖਿਲਾਫ ਮਾਣਹਾਨੀ ਦੀ ਕਾਰਵਾਈ ਸ਼ੁਰੂ ਕਰਨ ਦੀ ਮੰਗ ਵਾਲੀ ਵੱਖਰੀ ਪਟੀਸ਼ਨ 'ਤੇ ਵੀ ਸੁਣਵਾਈ ਕਰੇਗੀ।

## ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ 'ਚ ਸੁਧਾਰ ਲਈ ਵਿਆਪਕ ਮਾਡਲ ਪੇਸ਼

**ਸੰਯੁਕਤ ਰਾਸ਼ਟਰ** : ਜੀ-4 ਦੇਸ਼ਾਂ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ 'ਚ ਸੁਧਾਰ ਦਾ ਇਕ ਵਿਆਪਕ ਮਾਡਲ ਪੇਸ਼ ਕੀਤਾ ਹੈ। ਇਸ 'ਚ ਸਥਾਈ ਮੈਂਬਰਾਂ ਦੇ ਨਾਲ ਅਸਥਾਈ ਮੈਂਬਰਾਂ ਦੀ ਗਿਣਤੀ ਵਧਾ ਕੇ ਕੌਂਸਲ ਨੂੰ ਜ਼ਿਆਦਾ ਲੋਕਤੰਤਰੀ ਬਣਾਉਣ ਦੀ ਸਿਫ਼ਾਰਸ਼ ਕੀਤੀ ਗਈ ਹੈ। ਇਸ ਦੇ ਨਾਲ ਹੀ ਵੀਟੋ ਦੀ ਵਰਤੋਂ 'ਚ ਲਚੀਲੇਪਣ ਦੀ ਲੋੜ ਦੱਸੀ ਹੈ। ਸੰਯੁਕਤ ਰਾਸ਼ਟਰ 'ਚ ਭਾਰਤ ਦੀ ਸਥਾਈ ਪ੍ਰਤੀਨਿਧ ਰੁਚਿਰਾ ਕੰਬੋਜ ਨੇ ਵੀਰਵਾਰ ਨੂੰ ਇੰਟਰਗਵਰਨਮੈਂਟਲ ਨਿਗੋਸ਼ੀਏਸ਼ਨਜ਼ ਆਨ ਸਕਿਓਰਟੀ ਕੌਂਸਲ ਰਿਫਾਰਮ (ਆਈ ਜੀ ਐੱਨ) 'ਚ ਹਿੱਸਾ ਲੈਂਦਿਆਂ ਕਿਹਾ ਕਿ ਯੂ ਐੱਨ ਅਗਲੇ ਸਾਲ ਆਪਣੀ 80ਵੀਂ ਵਰ੍ਹੇਗੰਢ ਮਨਾਉਣ ਵਾਲਾ ਹੈ। ਇਸ ਹਾਲਤ 'ਚ ਕਾਫੀ ਸਮੇਂ ਤੋਂ ਪੈਂਡਿੰਗ ਵਿਸ਼ੇ 'ਤੇ ਠੋਸ ਪ੍ਰਗਤੀ ਮੀਲ ਦਾ ਪੱਥਰ ਸਾਬਤ ਹੋਵੇਗਾ। ਕੰਬੋਜ ਨੇ ਬ੍ਰਾਜ਼ੀਲ, ਜਰਮਨੀ, ਜਾਪਾਨ ਤੇ ਭਾਰਤ ਵੱਲੋਂ ਚਰਚਾ ਤੇ ਅੰਤਮ ਸਹਿਮਤੀ ਲਈ ਜੀ-4 ਮਾਡਲ ਪੇਸ਼ ਕੀਤਾ। ਤਜਵੀਜ਼ ਦਾ ਮਕਸਦ ਸੰਯੁਕਤ ਰਾਸ਼ਟਰ ਦਾ ਵਿਸਥਾਰ ਕਰ ਕੇ ਵਧੇਰੇ ਹਮਾਇਤ ਹਾਸਲ ਕਰਨਾ ਹੈ। ਜੀ-4 ਮਾਡਲ 'ਚ ਸੁਰੱਖਿਆ ਕੌਂਸਲ ਦੀ ਮੌਜੂਦਾ ਗਿਣਤੀ 15 ਤੋਂ ਵਧਾ ਕੇ 25-26 ਕਰਨ ਦੀ ਤਜਵੀਜ਼ ਹੈ। ਨਵੇਂ ਮੈਂਬਰਾਂ 'ਚ ਛੇ ਸਥਾਈ ਤੇ ਚਾਰ ਜਾਂ ਪੰਜ ਅਸਥਾਈ ਮੈਂਬਰ ਹੋਣਗੇ। ਉਨ੍ਹਾ ਕਿਹਾ ਕਿ ਅਸੀਂ ਕਿਸੇ ਦੇਸ਼ ਦੀ ਸਿਫ਼ਾਰਸ਼ ਨਹੀਂ ਕਰ ਰਹੇ। ਛੇ ਸਥਾਈ ਮੈਂਬਰਾਂ 'ਚ ਅਫਰੀਕੀ ਦੇਸ਼ਾਂ ਤੇ ਏਸ਼ੀਆ ਪ੍ਰਸ਼ਾਂਤ ਤੋਂ ਦੋ-ਦੋ, ਇਕ ਮੈਂਬਰ ਲੈਟਿਨ ਅਮਰੀਕਾ ਤੇ ਕੈਰੀਬੀਆਈ ਦੇਸ਼ਾਂ ਤੋਂ ਅਤੇ ਇਕ ਮੈਂਬਰ ਪੱਛਮੀ ਯੂਰਪ ਤੇ ਹੋਰਨਾਂ ਦੇਸ਼ਾਂ ਤੋਂ ਚਾਹੁੰਦੇ ਹਾਂ।

## ਕੇਂਦਰੀ ਬਲਾਂ ਦੀਆਂ 25 ਕੰਪਨੀਆਂ ਪੰਜਾਬ ਪਹੁੰਚੀਆਂ

**ਚੰਡੀਗੜ੍ਹ (ਗੁਰਜੀਤ ਬਿੱਲਾ)**-ਲੋਕ ਸਭਾ ਚੋਣਾਂ ਸੁਤੰਤਰ, ਨਿਰਪੱਖ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਉਣਾ ਯਕੀਨੀ ਬਣਾਉਣ ਅਤੇ ਸੁਰੱਖਿਆ ਨੂੰ ਹੋਰ ਮਜ਼ਬੂਤ ਕਰਨ ਲਈ ਕੇਂਦਰੀ ਹਥਿਆਰਬੰਦ ਪੁਲਸ ਬਲਾਂ (ਸੀ ਏ ਪੀ ਐੱਫ) ਦੀਆਂ 25 ਕੰਪਨੀਆਂ ਪੰਜਾਬ ਵਿੱਚ ਪਹੁੰਚ ਚੁੱਕੀਆਂ ਹਨ। ਇਹਨਾਂ 25 ਕੰਪਨੀਆਂ ਵਿੱਚ ਕੇਂਦਰੀ ਰਿਜ਼ਰਵਡ ਪੁਲਸ ਬਲਾਂ (ਸੀ ਆਰ ਪੀ ਐੱਫ) ਦੀਆਂ ਪੰਜ ਕੰਪਨੀਆਂ, ਸੀਮਾ ਸੁਰੱਖਿਆ ਬਲ (ਬੀ ਐੱਸ ਐੱਫ) ਦੀਆਂ 15 ਕੰਪਨੀਆਂ ਅਤੇ ਇੰਡੋ-ਤਿਬਤ ਬਾਰਡਰ ਪੁਲਿਸ (ਆਈ ਟੀ ਬੀ ਪੀ) ਦੀਆਂ ਪੰਜ ਕੰਪਨੀਆਂ ਸ਼ਾਮਲ ਹਨ। ਸਪੈਸ਼ਲ ਡੀ ਜੀ ਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਕਿਹਾ ਕਿ ਆਮ ਲੋਕਾਂ ਵਿੱਚ ਵਿਸ਼ਵਾਸ ਪੈਦਾ ਕਰਨ ਦੇ ਨਾਲ-ਨਾਲ ਸੰਵੇਦਨਸ਼ੀਲ ਅਤੇ ਅਤਿ-ਸੰਵੇਦਨਸ਼ੀਲ ਖੇਤਰਾਂ ਵਿੱਚ ਦਬਦਬਾ ਬਣਾਉਣ ਲਈ ਸੂਬੇ ਦੇ ਸੰਵੇਦਨਸ਼ੀਲ ਜ਼ਿਲ੍ਹਿਆਂ ਵਿੱਚ ਇਹਨਾਂ ਸੁਰੱਖਿਆ ਬਲਾਂ ਨੂੰ ਤਾਇਨਾਤ ਕੀਤਾ ਜਾਵੇਗਾ।

## ਸ਼ਾਕਾਹਾਰੀ ਥਾਲੀ ਮਹਿੰਗੀ ਤੇ ਮਾਸਾਹਾਰੀ ਸਸਤੀ



**ਮੁੰਬਈ** : ਪਿਆਜ਼ ਅਤੇ ਟਮਾਟਰ ਦੇ ਭਾਅ ਵਧਣ ਕਾਰਨ ਫਰਵਰੀ ਮਹੀਨੇ ਸ਼ਾਕਾਹਾਰੀ ਥਾਲੀ 7 ਫੀਸਦੀ ਮਹਿੰਗੀ ਹੋ ਗਈ, ਜਦੋਂ ਕਿ ਚਿਕਨ ਸਸਤੇ ਹੋਣ ਕਾਰਨ ਮਾਸਾਹਾਰੀ ਥਾਲੀ 9 ਫੀਸਦੀ ਸਸਤੀ ਹੋ ਗਈ।

ਕ੍ਰਿਸਿਲ ਮਾਰਕੀਟ ਇੰਟੈਲੀਜੈਂਸ ਐਂਡ ਐਨਾਲਿਸਿਸ ਨੇ ਸ਼ੁੱਕਰਵਾਰ ਜਾਰੀ ਰੋਟੀ, ਚੌਲ ਦੀਆਂ ਕੀਮਤਾਂ 'ਤੇ ਆਪਣੀ ਮਾਸਿਕ ਰਿਪੋਰਟ 'ਚ ਕਿਹਾ ਕਿ ਸ਼ਾਕਾਹਾਰੀ ਥਾਲੀ ਦੀ ਕੀਮਤ ਫਰਵਰੀ 'ਚ 27.5 ਰੁਪਏ ਹੋ ਗਈ, ਜੋ ਸਾਲ ਪਹਿਲਾਂ ਦੀ ਇਸੇ ਮਿਆਦ 'ਚ 25.6 ਰੁਪਏ ਸੀ।

ਇਸ ਥਾਲੀ 'ਚ ਰੋਟੀ, ਸਬਜ਼ੀ (ਪਿਆਜ਼, ਟਮਾਟਰ ਤੇ ਆਲੂ), ਚੌਲ, ਦਾਲ, ਦਹੀਂ ਤੇ ਸਲਾਦ ਸ਼ਾਮਲ ਹਨ।

# ਕੈਨੇਡਾ 'ਚ ਢਾਈ ਮਹੀਨੇ ਦੀ ਬੱਚੀ ਸਣੇ 6 ਕਤਲ




**ਟੋਰਾਂਟੋ** : ਓਟਵਾ ਦੇ ਘਰ 'ਚ ਨਾਲ ਰਹਿੰਦੇ 19 ਸਾਲਾ ਸ੍ਰੀਲੰਕਾਈ ਵਿਦਿਆਰਥੀ ਫੈਬਰੀਓ ਡੀ-ਜ਼ੋਯਸਾ ਨੂੰ ਢਾਈ ਮਹੀਨੇ ਦੀ ਬੱਚੀ ਸਣੇ ਛੇ ਵਿਅਕਤੀਆਂ ਦੀ ਚਾਕੂ ਨਾਲ ਹੱਤਿਆਵਾਂ ਕਰਨ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਗਿਆ ਹੈ। ਮਾਰੇ ਗਏ ਲੋਕ ਸ੍ਰੀਲੰਕਾ ਦੇ ਨਾਗਰਿਕ ਸਨ ਅਤੇ ਹਾਲ ਹੀ 'ਚ ਕੈਨੇਡਾ ਆਏ ਸਨ। ਮਰਨ ਵਾਲਿਆਂ ਵਿਚ 35 ਸਾਲਾ ਔਰਤ ਦਰਸ਼ਨੀ ਏਕਨਿਆਕੇ, ਉਸ ਦਾ ਸੱਤ ਸਾਲਾ ਪੁੱਤਰ ਏਨੁਕਾ ਵਿਕਰਮਸਿੰਘੇ, ਚਾਰ ਸਾਲਾ ਧੀ ਅਸ਼ਵਿਨੀ ਵਿਕਰਮਸਿੰਘੇ, ਦੋ ਸਾਲਾ ਧੀ ਰਿਨਿਆਨਾ ਵਿਕਰਮਸਿੰਘੇ ਅਤੇ ਢਾਈ ਮਹੀਨੇ ਦੀ ਬੱਚੀ ਕੈਲੀ ਵਿਕਰਮਸਿੰਘੇ ਅਤੇ ਪਰਵਾਰ ਦਾ 40 ਸਾਲਾ ਜਾਣਕਾਰ ਗਾਮਿਨੀ ਅਮਰਕੂਨ ਸ਼ਾਮਲ ਹਨ। ਪੁਲਸ ਨੇ ਦੱਸਿਆ ਕਿ ਜਦੋਂ ਅਧਿਕਾਰੀ ਮੌਕੇ 'ਤੇ ਪਹੁੰਚੇ ਤਾਂ ਮ੍ਰਿਤਕ ਬੱਚਿਆਂ ਦਾ ਪਿਤਾ ਘਰ ਦੇ ਬਾਹਰ ਸੀ ਅਤੇ ਲੋਕਾਂ ਨੂੰ ਐਮਰਜੰਸੀ ਸੇਵਾਵਾਂ ਨੂੰ ਫੋਨ ਕਰਨ ਦੀ ਬੇਨਤੀ ਕਰ ਰਿਹਾ ਸੀ। ਪਿਤਾ ਵੀ ਗੰਭੀਰ ਜ਼ਖਮੀ ਹੈ ਅਤੇ ਉਸ ਨੂੰ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ, ਪਰ ਉਸ ਦੀ ਜਾਨ ਨੂੰ ਖਤਰਾ ਨਹੀਂ ਹੈ।

## ਫੋਨ ਦੀ ਬੈਟਰੀ ਫਟਣ ਨਾਲ ਬੱਚੀ ਝੁਲਸੀ

**ਗੁਰਦਾਸਪੁਰ** : ਨੇੜਲੇ ਪਿੰਡ ਹਰਦੋਬਥਵਾਲਾ 'ਚ ਸ਼ੁੱਕਰਵਾਰ ਬਾਅਦ ਦੁਪਹਿਰ ਵੀਡੀਓ ਵੇਖਦਿਆਂ ਤਿੰਨ ਸਾਲਾ ਬੱਚੀ ਦੇ ਹੱਥ 'ਚ ਮੋਬਾਈਲ ਫੋਨ ਦੀ ਬੈਟਰੀ ਫਟਣ ਨਾਲ ਉਸ ਦੇ ਕੱਪੜਿਆਂ ਨੂੰ ਅੱਗ ਲੱਗਣ ਕਰਕੇ ਉਸ ਦੀਆਂ ਲੱਤਾਂ ਅਤੇ ਹੋਰ ਅੰਗ ਵੀ ਝੁਲਸ ਗਏ।

ਦਿਵਿਆ ਦੀ ਮਾਂ ਸਪਨਾ ਨੇ ਦੱਸਿਆ ਕਿ ਉਹ ਆਪਣਾ ਘਰੇਲੂ ਕੰਮ ਕਰ ਰਹੀ ਸੀ ਅਤੇ ਕੁੜੀ ਟੱਚ ਫੋਨ 'ਤੇ ਵੀਡੀਓ ਵੇਖ ਰਹੀ ਸੀ। ਅਚਾਨਕ ਫੋਨ ਦੀ ਬੈਟਰੀ ਫਟਣ ਕਾਰਨ ਧਮਾਕਾ ਹੋਇਆ ਅਤੇ ਕੁੜੀ ਦੇ ਕੱਪੜਿਆਂ ਨੂੰ ਅੱਗ ਲੱਗ ਗਈ। ਕੁੜੀ ਦੀ ਸਿਵਲ ਹਸਪਤਾਲ 'ਚ ਹਾਲਤ ਖਤਰੇ ਤੋਂ ਬਾਹਰ ਹੈ।

## ਬਿਜਲੀ ਦੀ ਤਾਰ ਦੇ ਸੰਪਰਕ 'ਚ ਆਉਣ 'ਤੇ 14 ਬੱਚੇ ਝੁਲਸੇ



**ਕੋਟਾ** : ਸ਼ੁੱਕਰਵਾਰ ਦੁਪਹਿਰੇ ਰਾਜਸਥਾਨ ਦੇ ਕੋਟਾ 'ਚ ਮਹਾਂਸ਼ਿਵਰਾਤਰੀ ਦੇ ਮੌਕੇ ਸ਼ੋਭਾ ਯਾਤਰਾ 'ਚ ਹਿੱਸਾ ਲੈ ਰਹੇ 14 ਬੱਚੇ 'ਹਾਈਟੈਂਸ਼ਨ' ਤਾਰ ਦੇ ਸੰਪਰਕ 'ਚ ਆਉਣ ਕਾਰਨ ਝੁਲਸ ਗਏ। 10 ਤੋਂ 16 ਸਾਲ ਦੀ ਉਮਰ ਦੇ ਬੱਚੇ ਨੀਵੀਂ ਤਾਰ ਦੀ ਲਪੇਟ 'ਚ ਆ ਗਏ। ਇਕ ਬੱਚਾ 100 ਫੀਸਦੀ ਸੜ ਗਿਆ, ਜਦਕਿ ਦੂਜਾ ਬੱਚਾ 50 ਫੀਸਦੀ ਝੁਲਸ ਗਿਆ। ਸ਼ੋਭਾ ਯਾਤਰਾ ਜਦੋਂ ਕਾਲੀ ਬਸਤੀ ਤੋਂ ਲੰਘ ਰਹੀ ਸੀ ਤਾਂ ਲੜਕਾ, ਜਿਸ ਨੇ 22 ਫੁੱਟ ਉੱਚਾ ਡੰਡਾ ਫੜਿਆ ਹੋਇਆ ਸੀ, ਤਾਰ ਦੇ ਸੰਪਰਕ 'ਚ ਆ ਗਿਆ ਤੇ 100 ਫੀਸਦੀ ਸੜ ਗਿਆ। ਉਸ ਨੂੰ ਬਚਾਉਣ ਦੀ ਕੋਸ਼ਿਸ਼ ਕਰਨ ਵਾਲੇ ਹੋਰ ਬੱਚੇ ਵੀ ਸੜ ਗਏ।

## ਅੱਜ-ਨਾਮਾ

ਗੱਭਰੂ ਫਸੇ ਪੰਜਾਬੀ ਕੁਝ ਰੂਸ ਅੰਦਰ,
ਤੜਫਦੀ ਮਾਪਿਆਂ ਦੀ ਪਿੱਛੇ ਜਾਨ ਮੀਆਂ।
ਆਉਂਦੀ ਵੀਡੀਉ ਤਾਂ ਮਿਲਦੀ ਖਬਰ ਭੋਰਾ,
ਹਰ ਦਮ ਉਹਨਾਂ ਵੱਲ ਰਹੇ ਧਿਆਨ ਮੀਆਂ।
ਮੀਡੀਏ ਅੰਦਰ ਵੀ ਉਨ੍ਹਾਂ ਦੀ ਹੋਏ ਚਰਚਾ,
ਦੇਂਦੇ ਪਏ ਆਗੂ ਵੀ ਕਈ ਬਿਆਨ ਮੀਆਂ।
ਦੱਸ ਰਹੀ ਸੱਚ ਨਹੀਂ ਰੂਸ ਸਰਕਾਰ ਬਹੁਤਾ,
ਜਿਸ ਦਾ ਗਵਾਂਢੀਆਂ ਨਾਲ ਘਮਸਾਨ ਮੀਆਂ।
ਫਸਾਏ ਮੁੰਡੇ ਇਹ ਜੀਹਨਾਂ ਸੀ ਰੂਸ ਅੰਦਰ,
ਲੁਕ ਗਏ ਗੁੱਛੀ ਜਿਹੀ ਮਾਰ ਦਲਾਲ ਮੀਆਂ।
ਉਨ੍ਹਾਂ ਦੇ ਨਾਲ ਹੀ ਵੰਡਣਗੇ ਮਾਲ ਮਿਲਿਆ,
ਜਿਨ੍ਹਾਂ ਨੇ ਕਰਨੀ ਹੈ ਜਾਂਚ-ਪੜਤਾਲ ਮੀਆਂ।

-ਤੀਸ ਮਾਰ ਖਾਂ

# ਉਮਰ ਅਬਦੁੱਲਾ ਮਹਿਬੂਬਾ ਨੂੰ ਸੀਟ ਛੱਡਣ ਨੂੰ ਤਿਆਰ ਨਹੀਂ



**ਸ੍ਰੀਨਗਰ** : ਨੈਸ਼ਨਲ ਕਾਨਫਰੰਸ ਦੇ ਆਗੂ ਉਮਰ ਅਬਦੁੱਲਾ ਨੇ ਸ਼ੁੱਕਰਵਾਰ ਆਪੋਜ਼ੀਸ਼ਨ ਪਾਰਟੀਆਂ ਦੇ ਗੱਠਜੋੜ 'ਇੰਡੀਆ' ਦੀ ਪੁਜ਼ੀਸ਼ਨ ਖਰਾਬ ਕਰਨ ਵਾਲਾ ਬਿਆਨ ਦੇ ਕੇ ਕਿਹਾ ਕਿ ਉਹ ਮਹਿਬੂਬਾ ਮੁਫਤੀ ਦੀ ਪੀ ਡੀ ਪੀ ਲਈ ਲੋਕ ਸਭਾ ਦੀ ਕੋਈ ਸੀਟ ਨਹੀਂ ਛੱਡਣਗੇ। ਉਨ੍ਹਾ ਇੱਥੋਂ ਤੱਕ ਕਿਹਾ ਕਿ ਜੇ ਪਤਾ ਹੁੰਦਾ ਕਿ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਤੀਜੇ ਨੰਬਰ 'ਤੇ ਰਹਿਣ ਵਾਲੀ ਪੀ ਡੀ ਪੀ ਲਈ ਸੀਟ ਛੱਡ ਕੇ ਆਪਣੀ ਪਾਰਟੀ ਕਮਜ਼ੋਰ ਕਰਵਾਉਣੀ ਹੈ ਤਾਂ ਉਹ ਇੰਡੀਆ ਵਿਚ ਸ਼ਾਮਲ ਹੀ ਨਾ ਹੁੰਦੇ। ਉਮਰ ਦੇ ਪਿਤਾ ਫਾਰੂਕ ਅਬਦੁੱਲਾ ਨੇ ਵੀ ਪਿਛਲੇ ਦਿਨੀਂ ਕਿਹਾ ਸੀ ਕਿ ਉਹ ਇਕੱਲੇ ਹੀ ਲੜਨਗੇ। ਇਸ ਤੋਂ ਬਾਅਦ ਉਮਰ ਨੇ ਸਪੱਸ਼ਟੀਕਰਨ ਦਿੱਤਾ ਸੀ ਕਿ ਉਹ ਇੰਡੀਆ ਦਾ ਹਿੱਸਾ ਹਨ ਤੇ ਇੰਡੀਆ ਵਿਚ ਦਰਾੜ ਵਾਲੀ ਕੋਈ ਗੱਲ ਨਹੀਂ।

2019 ਦੀਆਂ ਚੋਣਾਂ ਵਿਚ ਭਾਜਪਾ ਨੇ ਲੱਦਾਖ, ਊਧਮਪੁਰ ਤੇ ਜੰਮੂ ਸੀਟ ਜਿੱਤੀ ਸੀ। ਨੈਸ਼ਨਲ ਕਾਨਫਰੰਸ ਨੇ ਬਾਰਾਮੂਲਾ, ਸ੍ਰੀਨਗਰ ਤੇ ਅਨੰਤਨਾਗ ਦੀਆਂ ਸੀਟਾਂ ਜਿੱਤੀਆਂ ਸਨ। ਵੋਟ ਪ੍ਰਤੀਸ਼ਤ ਵਿਚ ਭਾਜਪਾ ਪਹਿਲੇ, ਕਾਂਗਰਸ ਦੂਜੇ, ਨੈਸ਼ਨਲ ਕਾਨਫਰੰਸ ਤੀਜੇ ਤੇ ਪੀ ਡੀ ਪੀ ਚੌਥੇ ਨੰਬਰ 'ਤੇ ਰਹੀਆਂ ਸਨ। ਪੀ ਡੀ ਪੀ ਨੇ ਸਾਰੀਆਂ ਸੀਟਾਂ ਲੜੀਆਂ ਸਨ ਤੇ ਉਸ ਨੂੰ ਚਾਰ ਫੀਸਦੀ ਤੋਂ ਘੱਟ ਵੋਟਾਂ ਮਿਲੀਆਂ ਸਨ। ਕਾਂਗਰਸ ਨੂੰ ਵੀ ਕੋਈ ਸੀਟ ਨਹੀਂ ਮਿਲੀ ਸੀ।

ਉਮਰ ਅਬਦੁੱਲਾ ਪੀ ਡੀ ਪੀ ਲਈ ਅਨੰਤਨਾਗ ਦੀ ਸੀਟ ਛੱਡਣ ਲਈ ਤਿਆਰ ਨਹੀਂ। ਉਨ੍ਹਾ ਕਿਹਾ ਕਿ ਜੇ ਸੋਨੀਆ ਗਾਂਧੀ, ਰਾਹੁਲ ਜਾਂ ਪ੍ਰਿਅੰਕਾ ਉੱਥੋਂ ਲੜਦੇ ਹਨ ਤਾਂ ਸੀਟ ਛੱਡ ਸਕਦੇ ਹਨ, ਪਰ ਮਹਿਬੂਬਾ ਦੀ ਪਾਰਟੀ ਲਈ ਨਹੀਂ।

## ਸਟਾਲਿਨ ਵੱਲੋਂ ਦੋ ਪਾਰਟੀਆਂ ਨਾਲ ਸੀਟਾਂ ਦੀ ਐਡਜਸਟਮੈਂਟ

**ਚੇਨਈ** : ਹੁਕਮਰਾਨ ਗੱਠਜੋੜ ਵਿਚ ਸ਼ਾਮਲ ਐੱਮ ਡੀ ਐੱਮ ਕੇ ਦੇ ਬਾਨੀ ਵਾਇਕੋ ਨੇ ਮੁੱਖ ਮੰਤਰੀ ਤੇ ਡੀ ਐੱਮ ਕੇ ਦੇ ਜਨਰਲ ਸਕੱਤਰ ਐੱਮ ਕੇ ਸਟਾਲਿਨ ਨਾਲ ਮੁਲਾਕਾਤ ਤੋਂ ਬਾਅਦ ਸ਼ੁੱਕਰਵਾਰ ਡੀ ਐੱਮ ਕੇ ਦੇ ਹੈੱਡਕੁਆਰਟਰਜ਼ ਵਿਚ ਪੱਤਰਕਾਰਾਂ ਨੂੰ ਦੱਸਿਆ ਕਿ ਉਨ੍ਹਾ ਦੀ ਪਾਰਟੀ ਇਕ ਲੋਕ ਸਭਾ ਸੀਟ ਲੜੇਗੀ।

ਸੀਟ ਦੇ ਨਾਂਅ ਦਾ ਫੈਸਲਾ ਗੱਠਜੋੜ ਦੀਆਂ ਹੋਰਨਾਂ ਪਾਰਟੀਆਂ ਵਿਚਾਲੇ ਸੀਟਾਂ ਦੀ ਐਡਜਸਟਮੈਂਟ ਹੋਣ 'ਤੇ ਕੀਤਾ ਜਾਵੇਗਾ। ਵਾਇਕੋ ਨੇ ਕਿਹਾ ਕਿ ਉਹ ਇਕ ਸੀਟ 'ਤੇ ਸੰਤੁਸ਼ਟ ਹਨ। ਉਨ੍ਹਾ ਕਦੇ ਵੀ ਛੇ ਸੀਟਾਂ ਨਹੀਂ ਮੰਗੀਆਂ ਸਨ। ਡੀ ਐੱਮ ਕੇ ਦੀ ਵੀ ਸੀ ਕੇ ਨਾਲ ਵੀ ਸੀਟਾਂ ਦੀ ਵੰਡ ਹੋ ਗਈ ਹੈ। ਵੀ ਸੀ ਕੇ ਪਿਛਲੀਆਂ ਚੋਣਾਂ ਵਾਂਗ ਚਿਦੰਬਰਮ ਤੇ ਵਿੱਲੂਪੁਰਮ ਦੀਆਂ ਰਿਜ਼ਰਵ ਸੀਟਾਂ ਲੜੇਗੀ।

# ਮਰਡੋਕ ਵੱਲੋਂ ਪੰਜਵਾਂ ਵਿਆਹ ਕਰਾਉਣ ਦਾ ਐਲਾਨ



**ਨਿਊਯਾਰਕ** : 11 ਮਾਰਚ ਨੂੰ 93ਵਾਂ ਜਨਮ ਦਿਨ ਮਨਾਉਣ ਜਾ ਰਹੇ ਮੀਡੀਆ ਮੁਗਲ ਰੂਪਰਟ ਮਰਡੋਕ ਨੇ ਸੇਵਾਮੁਕਤ ਅਣੂ ਜੀਵ ਵਿਗਿਆਨੀ 62 ਸਾਲਾ ਐਲੇਨਾ ਜ਼ੁਕੋਵਾ ਨਾਲ ਮੰਗਣੀ ਕਰ ਲਈ ਹੈ। ਦੋਵੇਂ 1 ਜੂਨ ਨੂੰ ਕੈਲੀਫੋਰਨੀਆ 'ਚ ਵਿਆਹ ਕਰਨਗੇ। ਇਹ ਮਰਡੋਕ ਦਾ ਪੰਜਵਾਂ ਵਿਆਹ ਹੋਵੇਗਾ। ਜ਼ੁਕੋਵਾ ਰੂਸ ਦੀ ਹੈ ਤੇ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਪਹਿਲਾਂ 1991 ਵਿਚ ਅਮਰੀਕਾ ਆਈ ਸੀ। ਉਹ ਵੀ ਦੋ ਵਿਆਹ ਕਰਵਾ ਚੁੱਕੀ ਹੈ। ਇਨ੍ਹਾਂ ਵਿੱਚੋਂ ਇਕ ਤੇਲ ਦਾ ਕਾਰੋਬਾਰ ਕਰਨ ਵਾਲੇ ਅਰਬਾਂਪਤੀ ਰੂਸੀ ਅਲੈਗਜ਼ੈਂਡਰ ਜ਼ੁਕੋਵ ਨਾਲ ਹੋਇਆ ਸੀ। ਉਹ ਮਰਡੋਕ ਨੂੰ ਉਸ ਦੀ ਤੀਜੀ ਪਤਨੀ ਵੇਂਡੀ ਡੇਂਗ ਵੱਲੋਂ ਦਿੱਤੀ ਦਾਅਵਤ ਦੌਰਾਨ ਮਿਲੀ ਸੀ। ਵੇਂਡੀ ਤੇ ਮਰਡੋਕ ਦਾ ਵਿਆਹ 14 ਸਾਲ ਚੱਲਿਆ ਸੀ ਤੇ 2013 ਵਿਚ ਤਲਾਕ ਹੋ ਗਿਆ ਸੀ। ਮਰਡੋਕ ਨੇ ਚੌਥੀ ਪਤਨੀ ਸੁਪਰ ਮਾਡਲ ਜੈਰੀ ਹਾਲ ਨੂੰ 2022 ਵਿਚ ਤਲਾਕ ਦਿੱਤਾ ਸੀ।

ਮਰਡੋਕ ਨੇ ਫੌਕਸ ਐਂਡ ਨਿਊਜ਼ ਕਾਰਪੋਰੇਸ਼ਨ ਦੇ ਚੇਅਰਮੈਨ ਦੇ ਅਹੁਦੇ ਤੋਂ ਅਸਤੀਫਾ ਦੇਣ ਦੇ ਕੁਝ ਮਹੀਨੇ ਬਾਅਦ ਹੀ ਨਵੇਂ ਵਿਆਹ ਦਾ ਐਲਾਨ ਕੀਤਾ ਹੈ। ਮਰਡੋਕ ਦੀਆਂ ਸਾਬਕਾ ਪਤਨੀਆਂ 'ਚ ਆਸਟਰੇਲੀਆਈ ਫਲਾਈਟ ਅਟੈਂਡੈਂਟ ਪੈਟਰੀਸ਼ੀਆ ਬੁਕਰ, ਸਕਾਟਿਸ਼ ਮੂਲ ਦੀ ਪੱਤਰਕਾਰ ਅੰਨਾ ਮਾਨ ਸ਼ਾਮਲ ਸਨ।

CMYK

9-MAR-PAGE-3.qxd 3/8/2024 9:02 PM Page 1




ਮੁੱਖ ਮੰਤਰੀ

# ਭਗਵੰਤ ਸਿੰਘ ਮਾਨ

ਦੀ ਯੋਗ ਅਗਵਾਈ ਹੇਠ

# ਪੰਜਾਬ ਦੇ ਵਿਕਾਸ ਕ੍ਰਾਂਤੀ

## ਵੱਲ ਵਧਦੇ ਕਦਮ










# ₹ 869 ਕਰੋੜ

## ਦੀ ਲਾਗਤ ਵਾਲੇ

# ਵਿਕਾਸ ਪ੍ਰਾਜੈਕਟ

**9 ਮਾਰਚ, 2024 | ਸਵੇਰੇ 11:00 ਵਜੇ**

**ਜੇ.ਬੀ. ਰਿਜ਼ੋਰਟਸ, ਸੁਨਾਮ ਰੋਡ,**
**ਚੀਮਾ ਮੰਡੀ (ਸੰਗਰੂਰ)**



**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

9-March-PAGE-4.qxd 3/8/2024 9:12 PM Page 1



# ਚੋਣ ਬਾਂਡਾਂ ਬਾਰੇ ਐੱਸ ਬੀ ਆਈ ਦਾ ਬਹਾਨਾ

*ਸੁਪਰੀਮ ਕੋਰਟ ਨੇ 15 ਫ਼ਰਵਰੀ ਨੂੰ ਦਿੱਤੇ ਗਏ ਫੈਸਲੇ ਵਿੱਚ ਚੋਣ ਬਾਂਡਾਂ ਨੂੰ ਰਿਸ਼ਵਤ ਕਰਾਰ ਦੇ ਕੇ ਰੱਦ ਕਰ ਦਿੱਤਾ ਸੀ। ਇਸ ਦੇ ਨਾਲ ਹੀ ਭਾਰਤੀ ਸਟੇਟ ਬੈਂਕ ਨੂੰ ਕਿਹਾ ਸੀ ਕਿ ਉਹ ਚੋਣ ਫੰਡ ਦੇਣ ਵਾਲੀਆਂ ਕੰਪਨੀਆਂ ਤੇ ਪ੍ਰਾਪਤ ਕਰਨ ਵਾਲੇ ਸਿਆਸੀ ਦਲਾਂ ਦਾ ਪੂਰਾ ਵੇਰਵਾ 6 ਮਾਰਚ ਤੱਕ ਚੋਣ ਕਮਿਸ਼ਨ ਨੂੰ ਸੌਂਪ ਦੇਵੇ ਅਤੇ ਚੋਣ ਕਮਿਸ਼ਨ 13 ਮਾਰਚ ਤੱਕ ਇਸ ਵੇਰਵੇ ਨੂੰ ਆਪਣੀ ਵੈੱਬਸਾਈਟ ਉੱਤੇ ਪ੍ਰਕਾਸ਼ਤ ਕਰੇ।*

*ਭਾਰਤੀ ਸਟੇਟ ਬੈਂਕ ਨੇ 3 ਮਾਰਚ ਨੂੰ ਸੁਪਰੀਮ ਕੋਰਟ ਨੂੰ ਅਰਜ਼ੀ ਦੇ ਕੇ ਮੰਗ ਕਰ ਦਿੱਤੀ ਕਿ ਉਸ ਨੂੰ ਪੂਰੇ ਵੇਰਵੇ ਦੇਣ ਲਈ 30 ਜੂਨ ਤੱਕ ਦਾ ਸਮਾਂ ਦਿੱਤਾ ਜਾਵੇ, ਕਿਉਂਕਿ ਉਸ ਨੇ ਬਹੁਤ ਸਾਰੇ ਕਾਗਜ਼-ਪੱਤਰ ਖੰਘਾਲਣੇ ਹਨ। ਇਸ ਮਾਮਲੇ 'ਚ ਪਟੀਸ਼ਨਕਰਤਾ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ ਨੇ ਵੀਰਵਾਰ ਨੂੰ ਐੱਸ ਬੀ ਆਈ ਵਿਰੁੱਧ ਅਦਾਲਤ ਦੀ ਮਾਣਹਾਨੀ ਦੀ ਪਟੀਸ਼ਨ ਦਾਇਰ ਕਰ ਦਿੱਤੀ ਹੈ। ਹੁਣ ਐੱਸ ਬੀ ਆਈ ਦੀ ਅਰਜ਼ੀ ਅਤੇ ਉਸ ਵਿਰੁੱਧ ਕੀਤੀ ਗਈ ਮਾਣਹਾਨੀ ਰਿੱਟ ਦੀ ਸੁਣਵਾਈ 11 ਮਾਰਚ ਨੂੰ ਹੋਵੇਗੀ।*

*ਐੱਸ ਬੀ ਆਈ ਵੱਲੋਂ 30 ਜੂਨ ਦਾ ਸਮਾਂ ਮੰਗਣ ਲਈ ਲਾਏ ਗਏ ਬਹਾਨੇ ਬਾਰੇ ਪੱਤਰਕਾਰਾਂ ਦੀ ਸੰਸਥਾ ਰਿਪੋਰਟਰਜ਼ ਕੁਲੈਕਟਿਵ ਨੇ ਪੂਰੇ ਕੇਸ ਦੀ ਪੜਤਾਲ ਕਰਕੇ ਰਿਪੋਰਟ ਪੇਸ਼ ਕੀਤੀ ਹੈ। ਸੰਸਥਾ ਨੇ ਦੋਸ਼ ਲਾਇਆ ਹੈ ਕਿ ਐੱਸ ਬੀ ਆਈ 30 ਜੂਨ ਤੱਕ ਦਾ ਸਮਾਂ ਇਸ ਲਈ ਮੰਗ ਰਹੀ ਹੈ, ਤਾਂ ਜੋ ਲੋਕ ਸਭਾ ਚੋਣਾਂ ਲੰਘ ਜਾਣ, ਕਿਉਂਕਿ ਜੇ ਚੋਣ ਬਾਂਡ ਫੰਡ ਦੇ ਵੇਰਵੇ ਜਨਤਕ ਹੋ ਗਏ ਤਾਂ ਇਸ ਨਾਲ ਸੱਤਾਧਾਰੀ ਧਿਰ ਦਾ ਨੁਕਸਾਨ ਹੋ ਸਕਦਾ ਹੈ।*

*ਪੱਤਰਕਾਰਾਂ ਦੀ ਸੰਸਥਾ ਨੇ ਕਿਹਾ ਹੈ ਕਿ ਉਸ ਵੱਲੋਂ ਪੜਤਾਲੇ ਗਏ ਦਸਤਾਵੇਜ਼ਾਂ ਅਨੁਸਾਰ ਕੇਂਦਰੀ ਵਿੱਤ ਮੰਤਰਾਲੇ ਨੇ ਐੱਸ ਬੀ ਆਈ ਨੂੰ ਬਾਂਡ ਕੈਸ਼ ਕੀਤੇ ਜਾਣ ਦੀ ਸਮਾਂ ਹੱਦ ਖ਼ਤਮ ਹੋਣ ਦੇ 48 ਘੰਟੇ ਅੰਦਰ ਪੂਰਾ ਡਾਟਾ ਇਕੱਠਾ ਕਰਨ ਦੇ ਸਮਰੱਥ ਬਣਾਇਆ ਸੀ। ਸਟੇਟ ਬੈਂਕ ਵੱਲੋਂ ਚੋਣ ਬਾਂਡਾਂ ਦੀ ਵਿਕਰੀ ਤੇ ਕੈਸ਼ ਹੋਣ ਬਾਰੇ ਸਾਰੀ ਜਾਣਕਾਰੀ ਵਿੱਤ ਮੰਤਰਾਲੇ ਨੂੰ ਭੇਜ ਦਿੱਤੀ ਗਈ ਸੀ। ਪੱਤਰਕਾਰਾਂ ਦੀ ਸੰਸਥਾ ਨੇ 2020 ਤੱਕ ਭੇਜੀ ਗਈ ਅਜਿਹੀ ਜਾਣਕਾਰੀ ਦੀ ਦਸਤਾਵੇਜ਼ਾਂ ਤੋਂ ਪੁਸ਼ਟੀ ਵੀ ਕੀਤੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਸ ਤੋਂ ਇਲਾਵਾ ਭਾਰਤੀ ਸਟੇਟ ਬੈਂਕ ਕੋਲ ਸਿਆਸੀ ਪਾਰਟੀਆਂ ਦੇ ਬਾਂਡਾਂ ਦਾ ਆਡਿਟ ਟਰੈਕ ਵੀ ਹੁੰਦਾ ਹੈ। ਹਰ ਬਾਂਡ ਉੱਤੇ ਇੱਕ ਸੀਰੀਅਲ ਨੰਬਰ ਹੁੰਦਾ ਹੈ, ਜਿਸ ਤੋਂ ਉਸ ਨਾਲ ਸੰਬੰਧਤ ਸਾਰੀ ਜਾਣਕਾਰੀ, ਦੇਣ ਅਤੇ ਲੈਣ ਵਾਲੇ ਬਾਰੇ ਵੇਰਵਿਆਂ ਸਮੇਤ, ਇੱਕ ਥਾਂ ਸਟੋਰ ਹੋ ਜਾਂਦੀ ਹੈ। ਸਟੇਟ ਬੈਂਕ ਕੋਲ ਇਹ ਸਾਰੇ ਸੀਰੀਅਲ ਨੰਬਰ ਤੇ ਉਨ੍ਹਾਂ ਬਾਰੇ ਜਾਣਕਾਰੀ ਮੌਜੂਦ ਹੈ।*

*ਚੋਣ ਬਾਂਡਾਂ ਬਾਰੇ ਸੁਪਰੀਮ ਕੋਰਟ ਦੀ ਸੁਣਵਾਈ ਦੌਰਾਨ ਮੋਦੀ ਸਰਕਾਰ ਨੇ ਕਿਹਾ ਸੀ ਕਿ ਚੋਣ ਬਾਂਡ ਯੋਜਨਾ ਇੱਕ ਪਾਰਦਰਸ਼ੀ ਪ੍ਰਣਾਲੀ ਹੈ। ਖਰੀਦਦਾਰ ਦਾ ਰਿਕਾਰਡ ਹਮੇਸ਼ਾ ਬੈਂਕਿੰਗ ਚੈਨਲ ਵਿੱਚ ਮੌਜੂਦ ਹੁੰਦਾ ਹੈ ਤੇ ਜ਼ਰੂਰਤ ਪੈਣ ਉੱਤੇ ਕੇਂਦਰੀ ਜਾਂਚ ਏਜੰਸੀਆਂ ਨੂੰ ਇਹ ਤੁਰੰਤ ਸੌਂਪਿਆ ਜਾ ਸਕਦਾ ਹੈ।*

*ਪੱਤਰਕਾਰਾਂ ਦੀ ਸੰਸਥਾ ਨੇ ਇੱਕ ਹੋਰ ਤੱਥ ਦਾ ਪਤਾ ਲਾਇਆ ਹੈ। ਚੋਣ ਬਾਂਡਾਂ ਨੂੰ ਕੈਸ਼ ਕਰਾਉਣ ਦੀ ਸਮਾਂ ਹੱਦ 15 ਦਿਨ ਹੁੰਦੀ ਹੈ। ਇੱਕ ਪਾਰਟੀ ਆਪਣੇ ਚੋਣ ਬਾਂਡ ਇਸ ਸਮਾਂ ਹੱਦ ਅੰਦਰ ਕੈਸ਼ ਨਹੀਂ ਕਰਾ ਸਕੀ। ਇਸ ਬਾਰੇ ਐੱਸ ਬੀ ਆਈ ਦੇ ਕਾਰਪੋਰੇਟ ਦਫ਼ਤਰ ਨੇ ਵਿੱਤ ਮੰਤਰਾਲੇ ਤੋਂ ਪੁੱਛਿਆ। ਵਿੱਤ ਮੰਤਰਾਲੇ ਨੇ ਤੁਰੰਤ ਕਿਹਾ ਕਿ ਇਸ ਪਾਰਟੀ ਦੇ ਬਾਂਡ ਕੈਸ਼ ਕਰ ਦਿੱਤੇ ਜਾਣ। ਕਾਰਪੋਰੇਟ ਦਫ਼ਤਰ ਨੇ ਅੱਗੇ ਇਹ ਹੁਕਮ ਦਿੱਲੀ ਦਫ਼ਤਰ ਨੂੰ ਭੇਜ ਦਿੱਤਾ, ਜਿਸ ਨੇ 24 ਘੰਟਿਆਂ ਵਿੱਚ ਖ਼ਤਮ ਹੋ ਚੁੱਕੇ ਬਾਂਡਾਂ ਨੂੰ ਕੈਸ਼ ਕਰ ਦਿੱਤਾ। ਇਹ ਸਾਰਾ ਕੰਮ ਡਿਜੀਟਲ ਜ਼ਰੀਏ ਸੰਭਵ ਹੋਇਆ ਸੀ। ਇਸ ਤੋਂ ਪਤਾ ਚਲਦਾ ਹੈ ਕਿ ਬੈਂਕ ਤੇ ਸਰਕਾਰ ਕੋਲ ਪੂਰਾ ਸਿਸਟਮ ਮੌਜੂਦ ਹੈ, ਜਿਸ ਤੋਂ 24 ਘੰਟਿਆਂ ਵਿੱਚ ਡਾਟਾ ਪ੍ਰਾਪਤ ਹੋ ਸਕਦਾ ਹੈ। ਅਸਲ ਵਿੱਚ ਚੋਣ ਬਾਂਡਾਂ ਦਾ ਗੋਰਖਧੰਦਾ ਜਨਤਕ ਹੋਣ ਨਾਲ ਸਰਕਾਰ ਤੇ ਕਾਰਪੋਰੇਟਾਂ ਦੇ ਗਠਜੋੜ ਦਾ ਸੱਚ ਸਾਹਮਣੇ ਆਉਣ ਤੋਂ ਹਾਕਮ ਘਬਰਾ ਰਹੇ ਹਨ। ਇਸ ਲਈ ਉਹ ਐੱਸ ਬੀ ਆਈ ਨੂੰ ਢਾਲ ਬਣਾ ਕੇ ਬਚਣਾ ਚਾਹੁੰਦੇ ਹਨ।*

# ਸੋਸ਼ਲ ਮੀਡੀਆ ਅਤੇ ਸਾਡਾ ਸਮਾਜ

## ਸ਼ੀਤਲ ਠਾਕੁਰ

ਇੰਟਰਨੈੱਟ ਦੇ ਮਾਧਿਅਮ ਨਾਲ ਸੋਸ਼ਲ ਮੀਡੀਆ ਦੇ ਆਏ ਹੜ੍ਹ ਨੇ ਪੂਰੀ ਦੁਨੀਆ ਦਾ ਤਖਤਾ ਪਲਟ ਕੇ ਰੱਖ ਦਿੱਤਾ ਹੈ। ਇਸ ਨੇ ਨਾ ਸਿਰਫ਼ ਲੋਕਾਂ ਦਾ ਰਹਿਣ-ਸਹਿਣ, ਬਲਕਿ ਜਾਗਰੂਕਤਾ ਤੇ ਸੋਚ ਨੂੰ ਵੀ ਬਦਲਿਆ। ਪਿਛਲੇ ਦੋ ਕੁ ਦਹਾਕਿਆਂ ਵਿੱਚ ਜਦੋਂ ਪੱਤਰਕਾਰੀ ਤੇ ਜਨਸੰਚਾਰ ਨੇ ਆਪਣਾ ਸੁਰ ਫੜਿਆ ਹੈ, ਉਦੋਂ ਤੋਂ ਹੀ ਔਰਤਾਂ ਲਈ ਵੀ ਇਹ ਖਿੱਚ ਦਾ ਕੇਂਦਰ ਬਣਿਆ। ਇੰਟਰਨੈੱਟ ਨੇ ਮੀਡੀਆ ਨੂੰ ਨਵਾਂ ਮੁਕਾਮ ਦਿੱਤਾ। ਜਿਸ ਵਿੱਚ ਸੋਸ਼ਲ ਮੀਡੀਆ ਉੱਭਰ ਕੇ ਸਾਹਮਣੇ ਆਇਆ। ਕਿਸਾਨੀ ਅੰਦੋਲਨ ਵਿੱਚ ਇਸ ਦੀ ਭੂਮਿਕਾ ਨੂੰ ਭੁੱਲਿਆ ਨਹੀਂ ਜਾ ਸਕਦਾ। ਹੁਣ ਇਹ ਘਰ ਬੈਠੀਆਂ ਔਰਤਾਂ ਲਈ ਕਾਰਗਰ ਸਾਬਤ ਹੋ ਰਿਹਾ ਹੈ। ਘਰੇਲੂ ਔਰਤਾਂ ਤੋਂ ਇਲਾਵਾ ਹਰ ਕੋਈ ਆਪੋ-ਆਪਣਾ ਚੈਨਲ ਤਿਆਰ ਕਰਕੇ ਕਈ ਪੋਡਕਾਸਟ ਤਿਆਰ ਕੀਤੇ ਜਾ ਰਹੇ ਹਨ। ਚੰਗੇ ਵੀਊਜ਼ ਆਉਣ ਦੇ ਨਾਲ ਚੰਗੀ ਕਮਾਈ ਵੀ ਹੋ ਜਾਂਦੀ ਹੈ। ਚੰਗੀ ਗੱਲ ਇੱਕ ਹੋਰ ਇਹ ਵੀ ਹੈ ਕਿ ਪਹਿਲਾਂ ਕੈਮਰੇ ਅੱਗੇ ਆਉਣਾ ਤੇ ਬੋਲਣਾ ਹਰ ਕਿਸੇ ਦੇ ਵੱਸ ਨਹੀਂ ਸੀ, ਪਰ ਸੋਸ਼ਲ ਮੀਡੀਆ ਦੇ ਪ੍ਰਭਾਵ ਹੇਠ ਇਹ ਵੀ ਗੱਲ ਦੂਰ ਹੋ ਗਈ, ਪਰ ਇਸ ਦਾ ਮਤਲਬ ਇਹ ਵੀ ਨਹੀਂ ਕਿ ਵਿਅਕਤੀ ਚੰਗਾ ਪ੍ਰਵਕਤਾ ਬਣ ਗਿਆ ਹੈ, ਪਰ ਹਾਂ ਰੋਟੀ-ਟੁਕ ਜਿੰਨੇ ਵੀਊਜ਼ ਲੈ ਕੇ ਹਰ ਕੋਈ ਆਮ ਤੋਂ ਖਾਸ ਜ਼ਰੂਰ ਬਣ ਗਿਆ ਹੈ। ਇਸ ਵਿੱਚ ਘਰ ਬੈਠੀਆਂ ਔਰਤਾਂ ਅੱਜਕੱਲ੍ਹ ਤੋਂ ਬਣ ਕੇ ਆਤਮ-ਨਿਰਭਰ ਹੋ ਰਹੀਆਂ ਹਨ। ਔਰਤਾਂ ਲਈ ਤਾਂ ਇਸ ਨੇ ਕਈ ਦਰਵਾਜ਼ੇ ਖੋਲ੍ਹੇ ਹਨ, ਪਰ ਜਿੱਥੇ ਤਕਨੀਕ ਸਾਡੇ ਲਈ ਸਹਾਈ ਹੁੰਦੀ ਹੈ, ਉਥੇ ਹੀ ਉਸ ਦੇ ਨੁਕਸਾਨ ਵੀ ਹੁੰਦੇ ਹਨ। ਨਤੀਜਾ ਹਮੇਸ਼ਾ ਪ੍ਰਯੋਗ ਕਰਨ ਦੇ ਢੰਗ ਉਤੇ ਨਿਰਭਰ ਕਰਦਾ ਹੈ। ਕਈ ਲੋਕ ਗਲਤ ਢੰਗ ਦੀਆਂ ਵੀਡੀਓ ਬਣਾ ਕੇ ਵੱਖ ਵੀਊਜ਼ ਲੈਣ ਦੇ ਲਾਲਚ ਹੇਠ ਇਸ ਮੀਡੀਆ ਦਾ ਗਲਤ ਉਪਯੋਗ ਕਰਦੇ ਹਨ। ਜਿਸ ਦਾ ਨਤੀਜਾ ਗਲਤ ਹੀ ਸਾਹਮਣੇ ਆਉਂਦਾ ਹੈ। ਉਦਾਹਰਣ ਦੇ ਤੌਰ 'ਤੇ ਪਿਛਲੇ ਦੋ ਕੁ ਮਹੀਨੇ ਪਹਿਲਾਂ ਜਲੰਧਰ ਸ਼ਹਿਰ ਵਿੱਚ ਵੀ ਇੱਕ ਘਟਨਾ ਵਾਪਰੀ ਸੀ, ਜਿਸ ਨੇ ਸਾਰਿਆਂ ਦਾ ਸਿਰ ਸ਼ਰਮਸਾਰ ਕਰ ਦਿੱਤਾ ਸੀ। ਸਾਨੂੰ ਕਦੇ ਇਹ ਨਹੀਂ ਭੁੱਲਣਾ ਚਾਹੀਦਾ ਕਿ ਮੈਂ ਇੰਟਰਨੈੱਟ ਹਰ ਕਿਸੇ ਦੀ ਪਹੁੰਚ ਵਿੱਚ ਹੈ। ਸਾਨੂੰ ਹਰੇਕ ਤਕਨੀਕ ਦੀ ਵਰਤੋਂ, ਢੰਗ ਸਿਰ ਤੇ ਸੁਚੱਜੇ ਰੂਪ ਵਿੱਚ ਹੀ ਕਰਨੀ ਚਾਹੀਦੀ ਹੈ। ਸਮਾਜ ਦੇ ਜ਼ਿੰਮੇਵਾਰ ਨਾਗਰਿਕ ਬਣਦਿਆਂ ਹੋਇਆਂ ਸਮਾਜ ਦੇ ਚੰਗੇ ਭਵਿੱਖ ਲਈ ਕੰਮ ਕਰਨੇ ਚਾਹੀਦੇ ਹਨ, ਜਿਸ ਦਾ ਆਉਣ ਵਾਲੀ ਪੀੜ੍ਹੀ ਨੂੰ ਵੀ ਲਾਭ ਹੋਵੇ। ਸੋਸ਼ਲ ਮੀਡੀਆ ਦਾ ਇਹ ਪਲੇਟਫਾਰਮ ਵਧੇਰੇ ਕਰਕੇ ਘਰ ਬੈਠੇ ਰੋਜ਼ਗਾਰ ਕਰਨ ਵਾਲੇ, ਆਪਣੀ ਕਲਾ ਦਾ ਪ੍ਰਦਰਸ਼ਨ ਕਰਨ ਵਾਲੇ ਜਾਂ ਪੱਤਰਕਾਰੀ ਦੇ ਦੌਰ ਵਿੱਚ ਕੰਮ ਕਰਦੇ ਉਨ੍ਹਾਂ ਲੋਕਾਂ ਲਈ ਹੈ, ਜੋ ਸੱਚ ਵਿੱਚ ਸਮਾਜ ਲਈ ਕੁਝ ਕਰ ਗੁਜ਼ਰਨ ਦੀ ਇੱਛਾ ਰੱਖਦੇ ਹਨ। ਸਾਨੂੰ ਉਨ੍ਹਾ ਸਾਰਿਆਂ ਦਾ ਸਾਥ ਦੇਣ ਦੀ ਲੋੜ ਹੈ।

# ਦੁਨੀਆ ਨੂੰ ਰਾਜ ਨੇਤਾਵਾਂ ਦੀ ਲੋੜ ਹੈ, ਨਾ ਕਿ ਭਰਮ ਵਾਲੀ ਲੀਡਰਸ਼ਿਪ ਦੀ



ਡਾ. ਅਰੁਣ ਮਿੱਤਰਾ

ਸੀਤ ਯੁੱਧ ਦੀ ਸਮਾਪਤੀ ਤੋਂ ਬਾਅਦ ਬਹੁਤ ਜ਼ਿਆਦਾ ਸੰਤੁਸ਼ਟੀ ਸੀ, ਕਿਉਂਕਿ ਬਹੁਤ ਸਾਰੇ ਲੋਕਾਂ ਨੇ ਮਹਿਸੂਸ ਕੀਤਾ ਸੀ ਕਿ ਹੁਣ ਅਸੀਂ ਸਥਾਈ ਸ਼ਾਂਤੀ ਅਤੇ ਪ੍ਰਮਾਣੂ ਹਥਿਆਰਾਂ ਤੋਂ ਮੁਕਤ ਸੰਸਾਰ ਦੇ ਯੁੱਗ ਵਿੱਚ ਦਾਖਲ ਹੋਵਾਂਗੇ, ਪਰ ਅਜਿਹਾ ਨਹੀਂ ਹੋਇਆ। ਸੰਯੁਕਤ ਰਾਜ ਅਮਰੀਕਾ ਅਤੇ ਇਸ ਦੇ ਸਹਿਯੋਗੀ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਪੁਰਾਣੇ ਬਸਤੀਵਾਦੀ ਮਾਲਕ ਸਨ, ਇੱਕ ਧਰੁਵੀ ਸੰਸਾਰ ਲਈ ਨਿਰੰਤਰ ਯਤਨ ਕਰ ਰਹੇ ਹਨ। ਆਪਣੇ ਡਿਜ਼ਾਈਨਾਂ ਨਾਲ ਉਨ੍ਹਾਂ ਨੇ ਵੱਖ-ਵੱਖ ਮਹਾਂਦੀਪਾਂ ਵਿੱਚ ਦੁਨੀਆ ਦੇ ਕਈ ਹਿੱਸਿਆਂ ਨੂੰ ਹਥਿਆਰਬੰਦ ਲੜਾਈਆਂ ਵਿੱਚ ਧੱਕ ਦਿੱਤਾ ਹੈ।

ਹਾਲਾਂਕਿ ਇਸ ਨੂੰ ਕਈ ਦੇਸ਼ਾਂ ਦੁਆਰਾ ਚੁਣੌਤੀ ਦਿੱਤੀ ਜਾ ਰਹੀ ਹੈ, ਜੋ ਨਿਸ਼ਸ਼ਤਰੀਕਰਨ, ਪ੍ਰਮਾਣੂ ਅਤੇ ਸਮੂਹਿਕ ਵਿਨਾਸ ਦੇ ਹੋਰ ਹਥਿਆਰਾਂ ਦੇ ਖਾਤਮੇ ਸਮੇਤ ਵੱਖ-ਵੱਖ ਮੁੱਦਿਆਂ 'ਤੇ ਸਟੈਂਡ ਲੈ ਰਹੇ ਹਨ। ਪ੍ਰਮਾਣੂ ਹਥਿਆਰ ਰੱਖਣ ਵਾਲੇ ਦੇਸ਼ਾਂ ਦੁਆਰਾ ਬਹੁਤ ਦਬਾਅ ਦੇ ਬਾਵਜੂਦ 7 ਜੁਲਾਈ 2017 ਨੂੰ ਸੰਯੁਕਤ ਰਾਸ਼ਟਰ ਮਹਾਂਸਭਾ (UNGA) ਵਿੱਚ ਪ੍ਰਮਾਣੂ ਹਥਿਆਰਾਂ ਦੀ ਮਨਾਹੀ (TPNW) ਦੀ ਸੰਧੀ ਦੇ ਪਾਸ ਹੋਣ ਤੋਂ ਇਹ ਸਪੱਸ਼ਟ ਹੁੰਦਾ ਹੈ। ਦੱਖਣੀ ਅਫਰੀਕਾ ਦੀ ਪਹਿਲਕਦਮੀ ਤੋਂ ਬਾਅਦ ਕਈ ਦੇਸ਼ਾਂ ਨੇ ਅਮਰੀਕਾ ਦੀ ਹਮਾਇਤ ਦੇ ਨਾਲ ਗਾਜ਼ਾ ਵਿੱਚ ਇਜ਼ਰਾਈਲ ਵੱਲੋਂ ਫਲਸਤੀਨੀਆਂ ਦੀ ਨਸਲਕੁਸ਼ੀ ਦਾ ਇੰਟਰਨੈਸ਼ਨਲ ਕੋਰਟ ਆਫ ਜਸਟਿਸ ਵਿੱਚ ਵਿਰੋਧ ਕੀਤਾ ਹੈ। ਵਿਕਾਸਸ਼ੀਲ ਦੇਸ਼ਾਂ ਨੇ ਬਹੁ-ਪੱਖੀ ਵਪਾਰ ਸਮਝੌਤਿਆਂ ਵਿੱਚ ਬਦਲਾਅ, ਨਿਆਂ ਅਤੇ ਬਰਾਬਰੀ 'ਤੇ ਆਧਾਰਤ ਆਰਥਿਕ ਵਿਕਾਸ ਦੀ ਰਣਨੀਤੀ, ਤੀਜੀ ਧਿਰ ਦੇ ਦਖਲ ਤੋਂ ਬਿਨਾਂ ਗੁਆਂਢੀਆਂ ਨਾਲ ਸ਼ਾਂਤੀਪੂਰਨ ਸਹਿ-ਹੋਂਦ ਆਦਿ ਲਈ ਵੀ ਆਪਣੀ ਆਵਾਜ਼ ਬੁਲੰਦ ਕੀਤੀ ਹੈ, ਪਰ ਇਨ੍ਹਾਂ ਸਭ ਨੂੰ ਰੋਕਣ ਲਈ ਵੱਡੀਆਂ ਸ਼ਕਤੀਆਂ ਦਾ ਲਗਾਤਾਰ ਦਬਾਅ ਬਣਿਆ ਹੋਇਆ ਹੈ। ਨਤੀਜੇ ਵਜੋਂ ਏਸ਼ੀਆ, ਅਫਰੀਕਾ ਅਤੇ ਯੂਰਪ ਦੇ ਕੁਝ ਹਿੱਸਿਆਂ ਵਿੱਚ ਤਣਾਅ ਦੀ ਸਥਿਤੀ ਬਰਕਰਾਰ ਹੈ। ਇਸ ਨਾਲ ਹਥਿਆਰਾਂ ਦੀ ਦੌੜ ਅਤੇ ਪਰਮਾਣੂ ਹਥਿਆਰਾਂ ਦੀ ਵਰਤੋਂ ਦਾ ਖਤਰਾ ਵਧਿਆ ਹੈ। ਅਮਰੀਕਾ ਦੀ ਸਰਪ੍ਰਸਤੀ ਹੇਠ ਨਾਟੋ ਦੁਆਰਾ ਇਸ ਦੇ ਵਿਸਤਾਰਵਾਦੀ ਡਿਜ਼ਾਈਨ ਅਤੇ ਦਖਲਅੰਦਾਜ਼ੀ ਨੇ ਰੂਸ ਅਤੇ ਯੂਕਰੇਨ ਵਿਚਕਾਰ ਯੁੱਧ ਨੂੰ ਜਨਮ ਦਿੱਤਾ। ਇਸ ਨਾਲ ਇੱਕ ਕਰੋੜ ਤੋਂ ਵੱਧ ਲੋਕਾਂ ਦਾ ਅੰਦਰੂਨੀ ਅਤੇ ਬਾਹਰੀ ਵਿਸਥਾਪਨ ਅਤੇ ਵੱਡੀ ਗਿਣਤੀ ਵਿੱਚ ਨਾਗਰਿਕਾਂ ਅਤੇ ਫੌਜੀਆਂ ਦੀ ਮੌਤ ਹੋਈ ਹੈ। ਅਮਰੀਕਾ ਅਤੇ ਸਹਿਯੋਗੀਆਂ ਦੇ ਸਪੱਸ਼ਟ ਸਮਰਥਨ ਨਾਲ ਗਾਜ਼ਾ ਵਿੱਚ ਔਰਤਾਂ ਅਤੇ ਬੱਚਿਆਂ ਉੱਤੇ ਇਜ਼ਰਾਈਲੀ ਹਮਲੇ ਦੇ ਨਤੀਜੇ ਵਜੋਂ, ਮੱਧ ਪੂਰਬ ਵਿੱਚ ਸਥਿਤੀ ਨਾਜ਼ੀਆਂ ਦੁਆਰਾ ਕੀਤੇ ਗਏ ਸਰਬਨਾਸ਼ ਵਰਗੀ ਬਣੀ ਹੋਈ ਹੈ।

ਇਨ੍ਹਾਂ ਸਥਿਤੀਆਂ ਵਿਚ ਅਜਿਹੇ ਰਾਜਨੇਤਾਵਾਂ ਦੀ ਲੋੜ ਹੁੰਦੀ ਹੈ, ਜਿਨ੍ਹਾਂ ਕੋਲ ਦੂਰਦਰਸ਼ਤਾ 'ਤੇ ਪ੍ਰਭਾਵ ਅਤੇ ਹਾਲਾਤ ਨੂੰ ਬਚਾਉਣ ਦੀ ਇੱਛਾ ਹੋਵੇ। ਬਦਕਿਸਮਤੀ ਨਾਲ ਅਜੋਕੇ ਸਮੇਂ ਇਸ ਦੀ ਕਮੀ ਹੈ। ਪੱਛਮ, ਖਾਸ ਤੌਰ 'ਤੇ ਸੰਯੁਕਤ ਰਾਜ ਅਮਰੀਕਾ, ਮਨੁੱਖੀ ਜਾਨਾਂ ਦੀ ਕੀਮਤ 'ਤੇ ਮੁਨਾਫਾ ਕਮਾਉਣ ਅਤੇ ਦੁਨੀਆ ਭਰ ਵਿੱਚ ਹਥਿਆਰ ਵੇਚਣ ਦੇ ਜਨੂੰਨ ਵਿਚ ਹਨ।

ਮਾਰਸ਼ਲ ਟੀਟੋ, ਜਮਾਲ ਅਬਦੇਲ ਨਾਸਰ ਅਤੇ ਜਵਾਹਰ ਲਾਲ ਨਹਿਰੂ ਦੇ ਦਿਨ ਬੀਤ ਗਏ, ਜਿਨ੍ਹਾਂ ਦਾ ਇੱਕ ਗੁੱਟ ਨਿਰਲੇਪ ਅੰਦੋਲਨ ਬਣਾਉਣ ਦਾ ਦ੍ਰਿਸ਼ਟੀਕੋਣ ਸੀ, ਜੋ ਕਿ ਕਿਸੇ ਵੀ ਫੌਜੀ ਬਲਾਕ ਤੋਂ ਬਾਹਰ ਕੰਮ ਕਰੇਗਾ। ਉਸ ਸਮੇਂ ਦੌਰਾਨ ਸੰਸਾਰ ਨੇ ਕਈ ਪ੍ਰਕਾਸ਼ਵਾਨ ਪੈਦਾ ਕੀਤੇ, ਜਿਨ੍ਹਾਂ ਨੇ ਵਹਿਸ਼ੀ ਬਸਤੀਵਾਦ ਅਤੇ ਰੰਗਭੇਦ ਦਾ ਵਿਰੋਧ ਕੀਤਾ। ਨੈਲਸਨ ਮੰਡੇਲਾ ਦੇ ਨਾਂਅ ਦਾ ਜ਼ਿਕਰ ਕਰਨਾ ਸਭ ਤੋਂ ਉਚਿੱਤ ਹੋਵੇਗਾ। ਰਾਜੀਵ ਗਾਂਧੀ ਨੇ ਪ੍ਰਮਾਣੂ ਨਿਸ਼ਸ਼ਤਰੀਕਰਨ ਲਈ ਇੱਕ ਕਾਰਜ ਯੋਜਨਾ ਪੇਸ਼ ਕੀਤੀ। ਇਹ ਉਸ ਸਮੇਂ ਦੌਰਾਨ ਸੀ, ਜਦੋਂ ਵੱਖ-ਵੱਖ ਦੇਸ਼ਾਂ ਵਿੱਚ ਲੋਕਤੰਤਰ ਦਾ ਵਿਕਾਸ ਹੋਇਆ ਸੀ।

ਹੁਣ ਹਾਲਾਤ ਵੱਖਰੇ ਹਨ। ਬਦਕਿਸਮਤੀ ਨਾਲ ਅੱਜ ਦੇ ਕਈ ਨੇਤਾਵਾਂ ਦੇ ਭਰਮ ਭਰੇ ਵਿਚਾਰ ਹਨ। ਉਦਾਹਰਣ ਵਜੋਂ ਯੇਲੈਂਸਕੀ ਉਨ੍ਹਾਂ ਦੇ ਡਿਜ਼ਾਈਨ ਨੂੰ ਸਮਝੇ ਬਿਨਾਂ ਯੂਰਪੀਅਨ ਸੰਸਦਾਂ ਵਿੱਚ ਉਸ ਦਾ ਸਵਾਗਤ ਕਰਨ ਲਈ ਤਾੜੀਆਂ ਨਾਲ ਖੁਸ਼ ਹੈ। ਇਹ ਬਿਲਕੁਲ ਸਾਫ ਹੈ ਕਿ ਅਮਰੀਕਾ ਅਤੇ ਨਾਟੋ ਯੂਕਰੇਨ ਦੇ ਮਾਮਲਿਆਂ ਵਿੱਚ ਸਿੱਧੇ ਤੌਰ 'ਤੇ ਦਖਲ ਦੇ ਰਹੇ ਹਨ ਅਤੇ ਯੁੱਧ ਨੂੰ ਖਤਮ ਨਹੀਂ ਹੋਣ ਦੇ ਰਹੇ। ਨੇਵਲਨੀ ਦੀ ਜੇਲ੍ਹ ਵਿਚ ਮੌਤ ਨੇ ਪੁਤਿਨ ਦੀ ਭਰੋਸੇਯੋਗਤਾ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਚੀਨੀ ਨੇਤਾ ਸੀ ਜਿਨਪਿੰਗ ਆਪਣੇ ਜੀਵਨ ਦੇ ਅੰਤ ਤੱਕ ਰਾਜ ਕਰਨਾ ਚਾਹੁੰਦੇ ਹਨ। ਉੱਤਰੀ ਕੋਰੀਆ ਦੇ ਕਿਮ ਜੋਂਗ ਉਨ ਸੰਸਦ ਮੈਂਬਰਾਂ ਦੁਆਰਾ ਤਾੜੀਆਂ ਵਜਾਉਣ 'ਤੇ ਖੁਸ਼ ਰਹਿੰਦੇ ਹਨ। ਬ੍ਰਾਜ਼ੀਲ ਦੇ ਬੋਲਸੋਨਾਰੋ ਅਤੇ ਅਮਰੀਕਾ ਦੇ ਟਰੰਪ ਵੀ ਇਸੇ ਸ਼੍ਰੇਣੀ ਵਿੱਚ ਆਉਂਦੇ ਹਨ। ਏਰਦੋਗਨ ਤੁਰਕੀ ਸਮਾਜ ਦੇ ਜਮਹੂਰੀ ਲੋਕਤੰਤਰ ਨੂੰ ਦਬਾਉਣ ਵਿੱਚ ਲੱਗਿਆ ਹੈ। ਬਹੁਤ ਸਾਰੇ ਦੇਸ਼ ਜਿਨ੍ਹਾਂ ਵਿਚ ਧਾਰਮਿਕ ਕੱਟੜਪੰਥੀ ਸਾਸਨ ਹਨ, ਸਮਾਨ ਸਥਿਤੀਆਂ ਵਿੱਚ ਹਨ।

ਅਜਿਹੇ ਨੇਤਾ ਤਾਕਤ ਦੇ ਨਸ਼ੇ ਵਿਚ, ਤਾਨਾਸ਼ਾਹ, ਬੇਰਹਿਮ, ਗੈਰ-ਜਮਹੂਰੀ, ਅਸਪਸ਼ਟ ਅਤੇ ਮੈਗਲੋਮੈਨਿਕ (ਆਪਣੇ-ਆਪ ਨੂੰ ਬਹੁਤ ਵੱਡਾ ਸਮਝਣ ਵਾਲੇ) ਹੁੰਦੇ ਹਨ। ਆਪਣੇ ਭਰਮ ਭਰੇ ਵਿਵਹਾਰ ਨਾਲ ਉਹ ਅਸਥਿਰ, ਗੈਰ ਭਰੋਸੇਯੋਗ ਹੁੰਦੇ ਹਨ, ਵਾਰ-ਵਾਰ ਝੂਠ ਬੋਲਣ ਤੋਂ ਝਿਜਕਦੇ ਨਹੀਂ ਅਤੇ ਸਮਾਜ ਲਈ ਖਤਰਾ ਬਣ ਸਕਦੇ ਹਨ। ਸੱਤਾ 'ਤੇ ਕਾਬਜ਼ ਰਹਿਣ ਲਈ ਉਹ ਨਫਰਤ, ਕੱਟੜਤਾ, ਅਸ਼ਲੀਲਤਾ ਅਤੇ ਅਤੀਤ ਦੀ ਸ਼ਾਨ ਫੈਲਾਉਣ ਲਈ ਤਿਆਰ ਰਹਿੰਦੇ ਹਨ। ਇਹ ਭੁਲੇਖੇ-ਪਾਊ ਵਿਵਹਾਰ ਬਹੁਤ ਖਤਰਨਾਕ ਹੋ ਸਕਦਾ ਹੈ। ਹਿਟਲਰ, ਮੁਸੋਲਿਨੀ, ਪੋਲ ਪੋਟ ਅਤੇ ਹੁਣ ਨੇਤਨਯਾਹੂ ਇਸ ਦੀਆਂ ਮਿਸਾਲਾਂ ਹਨ।

ਇਹ ਨਿਰਾਸ਼ਾਜਨਕ ਗੱਲ ਹੈ ਕਿ ਸਾਡੇ ਦੇਸ਼ ਦੀ ਸੱਤਾ ਵਿੱਚ ਬੈਠੀ ਲੀਡਰਸ਼ਿਪ ਉਪਰੋਕਤ ਸ਼੍ਰੇਣੀ ਵਿੱਚ ਫਿੱਟ ਹੁੰਦੀ ਹੈ। ਸਾਡੇ ਪ੍ਰਧਾਨ ਮੰਤਰੀ ਹਮੇਸ਼ਾਂ ਆਪਣੀ ਛਵੀ ਬਣਾਉਣ ਅਤੇ ਕਾਰਪੋਰੇਟ ਨਿਯੰਤਰਿਤ ਮੀਡੀਆ ਦੀ ਮਦਦ ਨਾਲ ਆਪਣੇ ਆਪ ਨੂੰ ਲਗਾਤਾਰ ਪੇਸ਼ ਕਰਨ ਦੇ ਜਨੂੰਨ ਵਿਚ ਰਹਿੰਦੇ ਹਨ।

ਇਹ ਗੱਲ ਕਿ ਉਹ ਹਮੇਸ਼ਾ ਨਹਿਰੂ ਨੂੰ ਭੰਡਣ ਦੀ ਕੋਸ਼ਿਸ਼ ਕਰਦੇ ਹਨ, ਉਹਨਾਂ ਦੇ ਬੌਧਿਕ ਮਿਆਰ ਨੂੰ ਦਰਸਾਉਂਦੀ ਹੈ। ਉਹ ਬੜੀ ਹੁਸ਼ਿਆਰੀ ਨਾਲ ਗਾਂਧੀ ਦੇ ਨਾਂਅ ਦੀ ਵਰਤੋਂ ਕਰਦੇ ਹਨ, ਭਾਵੇਂ ਕਿ ਉਹਨਾ ਦੇ ਪੈਰੋਕਾਰ ਹਮੇਸ਼ਾ ਗਾਂਧੀ ਨੂੰ ਗਾਲਾਂ ਕੱਢਦੇ ਹਨ ਅਤੇ ਉਹਨਾਂ ਦੇ ਕਾਤਲਾਂ ਦੀ ਤਾਰੀਫ ਕਰਦੇ ਹਨ, ਪਰ ਪ੍ਰਧਾਨ ਮੰਤਰੀ ਇਸ ਬਾਰੇ ਕਦੇ ਇੱਕ ਵੀ ਸ਼ਬਦ ਨਹੀਂ ਬੋਲਦੇ, ਜਿਸ ਤੋਂ ਉਹਨਾਂ ਦੀ ਮਾਨਸਿਕਤਾ ਅਤੇ ਚਾਲਬਾਜ਼ੀ ਸਾਫ ਦਿਖਦੀ ਹੈ।

ਪਿਛਲੇ 10 ਸਾਲਾਂ ਵਿੱਚ ਉਹਨਾ ਨੇ ਇੱਕ ਵਾਰ ਵੀ ਮੀਡੀਆ ਦਾ ਸਾਹਮਣਾ ਨਹੀਂ ਕੀਤਾ ਹੈ, ਜਿਸ ਨਾਲ ਉਹਨਾਂ ਦੀ ਯੋਗਤਾ ਬਾਰੇ ਸ਼ੱਕ ਪੈਦਾ ਹੁੰਦਾ ਹੈ। ਇਸ ਲਈ ਉਹ ਕੇਵਲ ਇੱਕਤਰਫਾ ਭਾਸ਼ਣਬਾਜ਼ੀ ਵਿੱਚ ਵਿਸ਼ਵਾਸ ਕਰਦੇ ਹਨ। ਉਹਨਾਂ ਦੇ ਕਈ ਸਾਥੀਆਂ ਨੇ ਪਹਿਲਾਂ ਹੀ ਉਨ੍ਹਾਂ ਨੂੰ 'ਅਵਤਾਰ' ਵਜੋਂ ਪ੍ਰਚਾਰਨਾ ਸ਼ੁਰੂ ਕਰ ਦਿੱਤਾ ਹੈ। ਉਹ ਆਪਣੇ ਆਪ ਨੂੰ ਇਹ ਕਹਿਣ ਵਿੱਚ ਸ਼ਰਮ ਮਹਿਸੂਸ ਨਹੀਂ ਕਰਦੇ ਕਿ ਉਨ੍ਹਾਂ ਨੂੰ ਰੱਬ ਦੁਆਰਾ ਭੇਜਿਆ ਗਿਆ ਹੈ। ਕੋਈ ਹੈਰਾਨੀ ਨਹੀਂ ਕਿ ਭਾਜਪਾ ਮੁਖੀ ਨੱਡਾ ਨੇ ਉਨ੍ਹਾਂ ਨੂੰ ਦੇਵਤਿਆਂ ਦਾ ਦੇਵਤਾ ਗਰਦਾਨਿਆ। ਅਜਿਹੇ ਲੋਕ ਹਮੇਸ਼ਾ ਅਸੁਰੱਖਿਅਤ ਮਹਿਸੂਸ ਕਰਦੇ ਹਨ ਅਤੇ ਆਪਣੇ ਹੀ ਨੇੜਲਿਆਂ ਅਤੇ ਪਿਆਰਿਆਂ ਤੋਂ ਵੀ ਡਰਦੇ ਹਨ।

ਅਜਿਹੀਆਂ ਸਥਿਤੀਆਂ ਵਿਚ ਸੰਸਾਰ ਨੂੰ ਨਵ-ਬਸਤੀਵਾਦੀ ਯੁੱਗ ਵੱਲ ਵਧਣ ਤੋਂ ਬਚਾਉਣ ਲਈ ਇਕੋ-ਇਕ ਉਮੀਦ ਸਹੀ ਦ੍ਰਿਸਟੀਕੋਣ ਵਾਲੀ ਸ਼ਕਤੀ ਦੀ ਹੈ। ਦੁਨੀਆ ਭਰ ਵਿਚ ਸਿਵਲ ਸੁਸਾਇਟੀ ਦੀ ਵੱਡੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਰਾਜਨੇਤਾਵਾਂ ਦੀ ਮਾਨਸਿਕਤਾ ਨੂੰ ਬਦਲਣ ਲਈ ਅੱਗੇ ਆਉਣ। ਇਹ ਠੀਕ ਹੈ ਕਿ ਸੱਚ ਦੀ ਜਿੱਤ ਹੋਵੇਗੀ, ਪਰ ਅਸੀਂ ਹੋ ਰਹੇ ਨੁਕਸਾਨ ਨੂੰ ਬਰਦਾਸ਼ਤ ਨਹੀਂ ਕਰ ਸਕਦੇ।

***# ਸੰਪਰਕ : 94170-00360***

# ਸੁਧਾਰ ਘਰਾਂ (ਜੇਲ੍ਹਾਂ) ਦੀ ਤਰਾਸਦੀ

**ਸੁੰਦਰਪਾਲ ਪ੍ਰੇਮੀ**

ਜੇਲ੍ਹਾਂ ਦਾ ਨਾਂਅ 'ਸੁਧਾਰ ਘਰ' ਰੱਖਣ ਦਾ ਮੁੱਖ ਉਦੇਸ਼ ਕੈਦੀਆਂ / ਹਵਾਲਾਤੀਆਂ ਨੂੰ ਜੇਲ੍ਹ ਮੈਨੂਅਲ ਅਨੁਸਾਰ ਸਹੂਲਤਾਂ ਦੇਣਾ ਹੈ। ਉਹਨਾਂ ਦੀ ਬਿਮਾਰ ਮਾਨਸਿਕਤਾ ਨੂੰ ਹਿੰਸਕ, ਖੂਨੀ ਪ੍ਰਵਿਰਤੀਆਂ ਤੋਂ ਮੁੱਖ ਮੋੜ ਕੇ ਸੁਹਿਰਦ, ਸ਼ਹਿਰੀ ਨਾਗਰਿਕ ਬਣਾਉਣਾ ਹੈ। ਬੰਦੀਆਂ ਦੀ ਜ਼ਿੰਦਗੀ ਦੀ ਕਾਇਆ-ਕਲਪ ਕਰਨਾ ਹੈ, ਪਰ ਅਸਲ ਵਿੱਚ ਜੇਲ੍ਹਾਂ ਵਿੱਚ ਦੁਖਦਾਈ ਨਿਰਾਸ਼ਾਜਨਕ ਘਟਨਾਵਾਂ ਵਾਪਰਨ ਕਰਕੇ ਉਦੇਸ਼ ਹਾਸ਼ੀਏ 'ਤੇ ਚਲਾ ਗਿਆ ਹੈ। ਜੇਲ੍ਹ ਪ੍ਰਸ਼ਾਸਨ ਦੇ ਸੰਵੇਦਨਹੀਣ, ਗੈਰ-ਇਨਸਾਨੀ ਵਤੀਰੇ ਸੁਰਖੀਆਂ ਬਣਦੇ ਰਹਿੰਦੇ ਹਨ। ਕੈਦੀਆਂ /ਹਵਾਲਾਤੀਆਂ ਨੂੰ ਜੇਲ੍ਹ ਮੈਨੂਅਲ ਦੇ ਨਿਯਮਾਂ ਨੂੰ ਛਿੱਕੇ ਟੰਗਿਆਂ ਜਾਂਦਾ ਹੈ। ਭ੍ਰਿਸ਼ਟਾਚਾਰ ਦੀ ਗੁੱਡੀ ਚੜ੍ਹਨ ਕਰਕੇ ਸੁਧਾਰ ਘਰਾਂ ਵਾਲੀ ਸ਼ੈਲੀ ਕਿਤੇ ਨਜ਼ਰ ਨਹੀਂ ਆ ਰਹੀ। ਦਬੰਗ ਵਿਸ਼ੇਸ਼ ਕਰਕੇ ਮਿਲੀ-ਭੁਗਤ ਕਰਕੇ ਐਸ਼ ਕਰਦੇ ਹਨ। ਜੇਲ੍ਹਾਂ ਵਿੱਚ ਪੱਖਪਾਤੀ ਰਵੱਈਏ ਦੀ ਤੂਤੀ ਬੋਲਦੀ ਐ।

ਸੁਧਾਰ ਘਰਾਂ ਵਿੱਚ ਮੈਡੀਕਲ ਸਹੂਲਤਾਂ ਦਾ ਗੰਭੀਰ ਸੰਕਟ ਹੋਣ ਕਰਕੇ, ਡਾਕਟਰਾਂ ਦੀ ਕਮੀ ਕਰਕੇ ਇਲਾਜ ਲਈ ਬੰਦੀ ਤਰਸਦੇ ਰਹਿੰਦੇ ਹਨ। ਜੇਲ੍ਹ ਅਧਿਕਾਰੀਆਂ ਵੱਲੋਂ ਸਮੇਂ ਸਿਰ ਇਲਾਜ ਨਾ ਕਰਾਉਣ ਕਰਕੇ ਮਰੀਜ਼ ਮੌਤ ਦਾ ਸ਼ਿਕਾਰ ਹੁੰਦੇ ਰਹਿੰਦੇ ਹਨ। ਜੇਲ੍ਹ ਅੰਦਰ ਮੌਤਾਂ ਹੰਗਾਮੇ ਦਾ ਕਾਰਨ ਬਣਦੀਆਂ ਹਨ। ਮਿਆਰੋਂ ਗਿਰਿਆ ਖਾਣਾ-ਪੀਣਾ ਹਵਾਲਾਤੀਆਂ / ਕੈਦੀਆਂ ਦੀ ਮਜਬੂਰੀ ਬਣੇ ਹੋਏ ਹਨ। ਸਾਫ਼ ਪਾਣੀ ਦੀ ਅਣਹੋਂਦ ਵੀ ਰੜਕਦੀ ਰਹਿੰਦੀ ਹੈ। ਬੰਦੀਆਂ ਦੀ ਸਿਹਤ ਨਾਲ ਖਿਲਵਾੜ ਕੀਤਾ ਜਾਂਦਾ ਹੈ। ਕਿਸੇ ਬੰਦੀ ਦੀ ਗੈਰਕੁਦਰਤੀ ਮੌਤ ਹੋਣ ਕਰਕੇ ਜੇਲ੍ਹ ਅੰਦਰ ਸੰਗੀਨ ਮਹੌਲ ਦਾ ਝੰਡਾ ਖੜਾ ਕੀਤਾ ਜਾਂਦਾ ਹੈ। ਭੰਨ-ਤੋੜ ਦੀ ਨੌਬਤ ਲਿਆਂਦੀ ਜਾਂਦੀ ਹੈ। ਜੇਲ੍ਹ ਅਧਿਕਾਰੀਆਂ, ਪੁਲਸ ਵੱਲੋਂ ਕਿਤੇ ਜਲਾਦ ਦਾ ਰੂਪ ਧਾਰਨ ਕਰਕੇ ਬੰਦੀ /ਬੰਦੀਆਂ ਦੀ ਮੌਤ ਵੀ ਹੋ ਜਾਂਦੀ ਹੈ। ਕਈ ਬੁਰੀ ਤਰ੍ਹਾਂ ਜ਼ਖ਼ਮੀ ਵੀ ਕੀਤੇ ਜਾਂਦੇ ਹਨ।

ਜੇਲ੍ਹਾਂ ਅੰਦਰ ਨਸ਼ਿਆਂ ਦੇ ਗੋਰਖਧੰਦੇ ਦੀ ਅੱਡ ਚੜ੍ਹ ਮਚੀ ਹੋਈ ਐ। ਚਹੇਤੇ ਕੈਦੀ ਮੋਬਾਈਲ ਦੀ ਦੁਰਵਰਤੋਂ ਕਰਨ ਵਿੱਚ ਸ਼ੇਰ ਬਣਦੇ ਹਨ। ਹਵਾਲਾਤੀ ਨੇ ਆਪਣੇ ਵਕੀਲ ਰਾਹੀਂ ਅਦਾਲਤ ਸਾਹਮਣੇ ਨਸ਼ਿਆਂ ਬਾਰੇ, ਜੇਲ੍ਹ ਅਧਿਕਾਰੀਆਂ ਦੇ ਨਿਰਦਈ ਵਤੀਰੇ ਬਾਰੇ ਆਪਣੇ ਬਿਆਨਾਂ ਰਾਹੀਂ ਪਰਦਾਫਾਸ਼ ਕੀਤਾ ਸੀ। ਹਵਾਲਾਤੀ ਨੇ ਹੈਰਾਨੀਜਨਕ ਖੁਲਾਸਾ ਕੀਤਾ ਸੀ ਕਿ ਨਸ਼ੇ ਵੇਚਣ ਲਈ ਮਜਬੂਰ ਕੀਤਾ ਜਾਂਦਾ ਹੈ। ਨਾਂਹ ਕਰਨ 'ਤੇ ਮੇਰੇ ਵਰਗੇ ਨੂੰ ਕੁਟਾਪਾ ਚਾੜ੍ਹਿਆ ਜਾਂਦਾ ਹੈ। ਸਾਬਕਾ ਡੀ.ਜੀ.ਪੀ (ਜੇਲ੍ਹਾਂ) ਨੇ ਸਪੱਸ਼ਟ ਕਿਹਾ ਸੀ ਕਿ ਨਸ਼ਿਆਂ ਦੇ ਨਜਾਇਜ਼ ਧੰਦਿਆਂ ਵਿੱਚ ਮਾਫੀਆ ਤੇ ਲੀਡਰ ਇੱਕਜੁੱਟ ਹਨ। ਇਸੇ ਕਰਕੇ ਜੇਲ੍ਹਾਂ ਅੰਦਰ ਨਸ਼ੇ ਬੰਦ ਕਰਾਉਣ ਵਿੱਚ ਉਹ ਕਾਮਯਾਬ ਨਹੀਂ ਹੋ ਸਕੇ।

ਸੁਧਾਰ ਘਰਾਂ ਨੂੰ ਅਮਲੀ ਰੂਪ ਵਿੱਚ ਰੋਲ ਮਾਡਲ ਤਾਂ ਹੀ ਬਣਾਇਆ ਜਾ ਸਕਦਾ ਹੈ, ਜੇ ਜੇਲ੍ਹਾਂ ਦੇ ਸੁਧਾਰ ਪ੍ਰਤੀ ਠੋਸ ਉਪਰਾਲੇ ਕਰਨ ਲਈ ਸੁਹਿਰਦ ਨੀਤੀ ਅਪਨਾਈ ਜਾਵੇ। ਜੇਲ੍ਹਾਂ ਦੇ ਮੈਨੂਅਲ ਵਿੱਚ ਉਸਾਰੂ, ਮਾਨਵਪੱਖੀ ਤਬਦੀਲੀਆਂ ਕਰਨ ਵਿੱਚ ਸਰਕਾਰ ਆਪਣਾ ਤਹਿ-ਦਿਲੋਂ ਫਰਜ਼ ਅਦਾ ਕਰੇ। ਮੈਡੀਕਲ ਸਹੂਲਤਾਂ ਪੱਖੋਂ ਕੋਈ ਕਸਰ ਨਾ ਰਹਿਣ ਦਿੱਤੀ ਜਾਵੇ। ਡਾਕਟਰਾਂ ਦੀ ਕਮੀ ਨੂੰ ਹਰ ਹਾਲਤ ਪੂਰਾ ਕੀਤਾ ਜਾਵੇ। ਦਵਾਈਆਂ ਦੀ ਘਾਟ ਕਿਸੇ ਕੀਮਤ ਨਾ ਰਹਿਣ ਦਿੱਤੀ ਜਾਵੇ। ਲੋੜ ਪੈਣ 'ਤੇ ਬਿਨਾਂ ਕਿਸੇ ਦੇਰੀ ਤੋਂ ਬਿਮਾਰ ਬੰਦੀ ਨੂੰ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਾਉਣ ਲਈ ਜੇਲ੍ਹ ਅਧਿਕਾਰੀ ਆਪਣਾ ਫਰਜ਼ ਅਦਾ ਕਰਨ।

ਜੇਲ੍ਹ ਦੇ ਮੰਤਰੀ ਦਾ ਨੈਤਿਕ ਫਰਜ਼ ਵੀ ਬਣਦਾ ਹੈ ਕਿ ਦੋ / ਤਿੰਨ ਮਹੀਨਿਆਂ ਬਾਅਦ ਕਿਸੇ ਦੋ / ਤਿੰਨ ਜੇਲ੍ਹਾਂ ਦਾ ਦੌਰਾ ਕਰਕੇ ਸਥਿਤੀ ਦਾ ਜਾਇਜ਼ਾ ਲੈ ਕੇ ਕਮੀਆਂ ਨੂੰ ਦੂਰ ਕਰਨ ਲਈ ਅਮਲੀਜਾਮਾ ਪਹਿਨਾਏ। ਬੰਦੀਆਂ ਦੀਆਂ ਬੈਰਕਾਂ ਵਿੱਚ ਜਾ ਕੇ ਮੁਸ਼ਕਲਾਂ ਸੁਣੇ। ਮਿਲ ਰਹੀਆਂ ਸਹੂਲਤਾਂ ਦੀ ਜਾਣਕਾਰੀ ਵੀ ਲਵੇ। ਜੇਲ੍ਹ ਸੁਪਰਡੈਂਟ ਨੂੰ ਉਹ ਕਮੀਆਂ ਦੂਰ ਕਰਨ ਦੀ ਹਦਾਇਤ ਕਰੇ, ਜੋ ਉਸ ਦੇ ਅਧਿਕਾਰ ਖੇਤਰ ਵਿੱਚ ਹਨ। ਡੀ.ਜੀ.ਪੀ, ਏ.ਡੀ.ਜੀ.ਪੀ ( ਜੇਲ੍ਹਾਂ) ਵੀ ਜੇਲ੍ਹਾਂ ਵਿੱਚ ਅਚਾਨਕ ਦੌਰਾ ਕਰਨ ਵਿੱਚ ਅੱਗੇ ਆਉਣ। ਬੰਦੀਆਂ ਨਾਲ ਮਿਲ ਕੇ ਦੁੱਖ-ਤਕਲੀਫਾਂ ਸੁਣ ਕੇ ਸੰਬੰਧਤ ਜੇਲ੍ਹ ਸੁਪਰਡੈਂਟ ਨੂੰ ਦੂਰ ਕਰਨ ਦੀ ਹਦਾਇਤ ਕੀਤੀ ਜਾਵੇ। ਡਿਪਟੀ ਕਮਿਸ਼ਨਰ ਆਪਣੇ ਜ਼ਿਲ੍ਹੇ ਵਿੱਚ ਬਤੌਰ ਜ਼ਿਲ੍ਹਾ ਮੈਜਿਸਟਰੇਟ ਵਜੋਂ ਜੇਲ੍ਹ ਦਾ ਨਿਰੀਖਣ ਕਰਨ ਲਈ ਆਪਣਾ ਫਰਜ਼ ਸਮਝੇ। ਉਹ ਵੀ ਜੇਲ੍ਹ ਅੰਦਰ ਕਮੀਆਂ ਬਾਰੇ ਜਾਣਕਾਰੀ ਲੈ ਕੇ ਦੂਰ ਕਰਨ ਦੀ ਕੋਸ਼ਿਸ਼ ਕਰੇ।

ਜੋ ਵੀ ਅਧਿਕਾਰੀ, ਮੰਤਰੀ ਜੇਲ੍ਹਾਂ ਦਾ ਅਚਾਨਕ ਦੌਰਾ ਕਰਨ, ਉਹ ਘੱਟੋ-ਘੱਟ ਦੋ / ਤਿੰਨ ਘੰਟੇ ਜੇਲ੍ਹ ਅੰਦਰ ਜ਼ਰੂਰ ਲਗਾਉਣ। ਬੰਦੀਆਂ ਦੀਆਂ ਮੁਸ਼ਕਲਾਂ ਬਾਰੇ ਜਾਣਕਾਰੀ ਲੈਣ। ਬੰਦੀਆਂ ਤੋਂ ਖੁਰਾਕ ਤੇ ਹੋਰ ਸਹੂਲਤਾਂ, ਕਮੀਆਂ ਬਾਰੇ ਪੁੱਛ-ਪੜਤਾਲ ਕਰਕੇ ਹੱਲ ਕਰਨ ਵਿੱਚ ਫੁਰਤੀ ਵਿਖਾਉਣ। ਗੁਪਤ ਰੂਪ ਵਿੱਚ ਬੰਦੀਆਂ ਤੋਂ ਜੇਲ੍ਹ ਅੰਦਰ ਅਧਿਕਾਰੀਆਂ, ਮੁਲਾਜ਼ਮਾਂ ਦੇ ਵਰਤਾਅ ਬਾਰੇ ਜਾਣਕਾਰੀ ਲੈਣ। ਨਾਦਰਸ਼ਾਹੀ ਵਰਤਾਅ ਕਰਨ ਵਾਲੇ ਵਿਰੁੱਧ ਕਾਰਵਾਈ ਕੀਤੀ ਜਾਵੇ।

ਜੇਲ੍ਹਾਂ ਦੇ ਮੰਤਰੀ, ਜੇਲ੍ਹਾਂ ਦੇ ਡੀ.ਜੀ.ਪੀ, ਏ ਡੀ.ਜੀ.ਪੀ, ਐੱਸ. ਐੱਸ.ਪੀ, ਡਿਪਟੀ ਕਮਿਸ਼ਨਰ ਆਦਿ ਉੱਚ ਅਧਿਕਾਰੀ ਆਪਣੇ ਸੁਰੱਖਿਆ ਕਰਮਚਾਰੀਆਂ ਨਾਲ ਸਮੇਂ-ਸਮੇਂ ਜੇਲ੍ਹਾਂ ਦੀਆਂ ਬੈਰਕਾਂ ਵਿੱਚ ਅਚਾਨਕ ਛਾਪੇ ਮਾਰਨ। ਨਸ਼ਿਆਂ ਤੇ ਮੋਬਾਈਲਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਨਸ਼ੇੜੀਆਂ ਨੂੰ, ਗੈਰ-ਕਾਨੂੰਨੀ ਕੰਮ ਕਰਨ ਵਾਲਿਆਂ ਨੂੰ ਪਹਿਲੀ ਵਾਰ ਤਾੜਨਾ ਕਰਨ। ਜੇ ਦੁਬਾਰਾ ਇਹ ਪਕੜ ਵਿੱਚ ਆ ਜਾਂਦੇ ਹਨ, ਫਿਰ ਸਖ਼ਤ ਕਾਨੂੰਨੀ ਕਾਰਵਾਈ ਕਰਨੀ ਬਣਦੀ ਹੈ। ਜੇਲ੍ਹ ਸੁਪਰਡੈਂਟ ਨੂੰ ਵੀ ਖਬਰਦਾਰ ਕਰਨਾ ਚਾਹੀਦੈ। ਇਸ ਤਰ੍ਹਾਂ ਜੇਲ੍ਹ ਅਧਿਕਾਰੀਆਂ ਤੇ ਦਬੰਗ ਬੰਦੀਆਂ ਵਿੱਚ ਨਸ਼ਿਆਂ ਦੇ ਨਾਪਾਕ ਗੱਠਜੋੜ ਨੂੰ ਤੀਲ੍ਹਾ-ਤੀਲ੍ਹਾ ਕੀਤਾ ਜਾ ਸਕਦਾ ਹੈ। ਸੁਹਿਰਦਤਾ ਤੋਂ ਬਿਨਾਂ ਚੈਕਿੰਗ ਕੋਈ ਉਸਾਰੂ ਪ੍ਰਭਾਵ ਨਹੀਂ ਪਾਏਗੀ।

ਚੈਕਿੰਗ ਕਰਨ ਵਾਲੇ ਅਧਿਕਾਰੀਆਂ ਦਾ ਇਹ ਫਰਜ਼ ਬਣਦਾ ਹੈ ਕਿ ਉਹ ਜੇਲ੍ਹ ਅੰਦਰ ਸਮੁੱਚੇ ਬੰਦੀਆਂ ਦੀਆਂ ਮੁਸ਼ਕਲਾਂ ਦਾ ਹੱਲ ਕਰਨ ਵਿੱਚ ਵਡਮੁੱਲਾ ਯੋਗਦਾਨ ਪਾਉਣ। ਉਹਨਾਂ ਨੂੰ ਚੰਗੇ ਨਾਗਰਿਕ ਬਣਨ ਦੀ ਪ੍ਰੇਰਨਾ ਦੇਣ ਵਿੱਚ ਵੀ ਅੱਗੇ ਆਉਣ। ਜੇਲ੍ਹਾਂ ਵਿੱਚ ਹਰ ਤਰ੍ਹਾਂ ਦੇ ਸੁਧਾਰ ਲਈ ਸਮੁੱਚੇ ਤੌਰ 'ਤੇ ਜੰਗੀ-ਪੱਧਰ 'ਤੇ ਕਾਰਵਾਈ ਕਰਨੀ ਬਣਦੀ ਹੈ। ਉਪਰੋਕਤ ਅਹਿਮ ਸੁਝਾਵਾਂ ਨੂੰ ਅਮਲੀਜਾਮਾ ਪਹਿਨਾਉਣ ਨਾਲ ਜੇਲ੍ਹਾਂ ਦੀ ਕਾਇਆ-ਕਲਪ ਹੋ ਸਕਦੀ ਹੈ। ਸੁਧਾਰ ਘਰਾਂ ਦੀ ਤ੍ਰਾਸਦੀ ਹਾਸ਼ੀਏ 'ਤੇ ਆ ਸਕਦੀ ਹੈ।

***# ਸੰਪਰਕ : 98140-51099***

# ਪੰਜਾਬ ਦੀ ਜਵਾਨੀ ਪਤਝੜ ਦੇ ਪੱਤਿਆਂ ਵਾਂਗ ਡਿੱਗ ਰਹੀ



ਅਮੀਰ ਸਿੰਘ ਜੋਸਨ

ਫਿਲਮੀ ਸਿਗਰਟ ਦਾ ਧੂੰਆਂ ਜੋ ਦਿਖਾਵੇ ਲਈ ਉਦਾਸੀ ਵਿੱਚ ਐਕਟਰਾਂ ਵੱਲੋਂ ਛੱਡਿਆ ਜਾਂਦਾ ਹੈ, ਉਹ ਇਉਂ ਲੱਗਦਾ ਹੈ, ਜਿਵੇਂ ਸਾਰੀ ਉਦਾਸੀ ਤੇ ਜ਼ਿੰਦਗੀ 'ਚ ਹਨੇਰਾ ਇਸ ਧੂੰਏਂ ਦੇ ਛੱਡਣ ਨਾਲ ਦੂਰ ਹੋ ਜਾਂਦਾ ਹੈ। ਜੋ ਲੋਕ ਹਿੰਮਤ ਹਾਰ ਜਾਂਦੇ ਹਨ, ਉਹ ਫਿਰ ਇਹ ਸੋਚਦੇ ਹਨ ਕਿ ਸ਼ਾਇਦ ਜੋ ਦਿਖਾਇਆ ਗਿਆ ਹੈ, ਇਹ ਸੱਚ ਹੈ, ਇਸ ਲਈ ਨਿਰਾਸ਼ ਹੋਣ 'ਤੇ ਇਹ ਯੁਵਾ ਵਰਗ ਦੇ ਨੌਜਵਾਨ ਇਸ ਤਰ੍ਹਾਂ ਸੋਚਦੇ ਹੀ ਨਸ਼ੇ ਦੀ ਦਲਦਲ ਵਿੱਚ ਨਾ ਚਾਹੁੰਦੇ ਹੋਏ ਵੀ ਫਸ ਜਾਂਦੇ ਹਨ। ਦਵਾਈ ਜਾਂ ਚੂਰਨ ਦੀ ਗੋਲੀ ਵਿੱਚ ਹੁੰਦਾ ਕੀ ਹੈ ? ਇਸ ਨੂੰ ਬਣਾਉਣ ਵਾਲੀ ਕੰਪਨੀ ਨੇ ਲਿਖ ਕੇ ਨਾਲ ਪਰਚੀ ਦਿੱਤੀ ਹੈ, ਉਸ ਅਨੁਸਾਰ ਇਸ ਵਿੱਚ 15 ਫੀਸਦੀ ਸ਼ੁੱਧ ਭੰਗ ਪਾਈ ਹੋਈ ਹੈ। ਇਸ ਤੋ ਬਿਨਾਂ ਖਜੂਰ, ਕਾਲੀ ਮਿਰਚ, ਸੁੰਢ, ਕਾਲਾ ਨਮਕ, ਸੇਧਾ ਨਮਕ, ਇਲਾਚੀ, ਔਲੇ-ਹਰੜ-ਬਹੇੜੇ , ਨਿੰਬੂ ਤੇ ਖੰਡ ਪਾ ਕੇ ਇਸ ਨੂੰ ਨਮਕੀਨ ਚਟਕਾਰੇਦਾਰ ਚੂਰਨ ਵਰਗਾ ਸੁਆਦ ਬਣਾ ਤਾਂ ਕਿ ਭੰਗ ਦੇ ਪੱਤਿਆਂ ਦਾ ਸੁਆਦ ਲੁਕੋਇਆ ਜਾ ਸਕੇ।

ਛੋਟੀ ਉਮਰ ਤੋਂ ਨਸ਼ਈ ਹੋਏ ਜਦੋਂ ਜਵਾਨ ਹੋਏ ਤਾਂ ਇਨ੍ਹਾਂ ਫਿਲਮਾਂ ਨੇ ਹੋਰ ਹਵਾ ਦਿੱਤੀ। 1970ਵਿਆਂ ਦੀ ਗੱਲ ਹੈ,ਜਿਸ ਵੇਲੇ ਇੱਕ ਫਿਲਮ ਆਈ ਸੀ, ਜਦੋਂ ਭਾਰਤ ਵਿੱਚ ਚਿਲਮਾਂ ਦੇ ਧੂੰਏਂ ਵਿਚਕਾਰ ਘੁੰਮਦੀ ਝੂਮਦੀ ਜ਼ੀਨਤ ਅਮਾਨ ਨਸ਼ਈ ਅੱਖਾਂ ਤੇ ਮੂੰਹ ਦੁਆਰਾ ਛੱਡੇ ਭਾਰੀ ਭਰਕਮ ਧੂੰਏਂ ਵਿੱਚ 'ਦਮ ਮਾਰੋ ਦਮ' ਗਾਉਂਦੀ ਹੈ, ਇਸ ਤਰ੍ਹਾਂ ਹੀ ਇੱਕ ਹੋਰ ਫਿਲਮ ਵਿੱਚ ਸਿਗਰਟ ਫੜੇ ਹੋਏ ਸ਼ਬਨਮ ਦੀ ਪੁਕਾਰ 'ਦਮ ਦਮਾ ਦਮ, ਪੀ ਕੇ ਜ਼ਰਾ ਦੇਖੋ' ਹੈ। ਇਨ੍ਹਾਂ ਫਿਲਮਾਂ ਵਿੱਚ ਇਹ ਵਿਖਾਉਣ ਦੇ ਕਾਰਨ ਸਾਡੇ ਭਾਰਤੀ ਲੋਕਾਂ 'ਤੇ ਇਸ ਦਾ ਅਸਰ ਦਿਖਾਈ ਦੇਣ ਲੱਗਾ, ਲੋਕਾਂ ਨੇ ਸਿਗਰਟ ਬਹੁਤਾਤ ਵਿੱਚ ਪੀਣੀ ਸ਼ੁਰੂ ਕਰ ਦਿੱਤੀ। ਇਹ ਏਨੀ ਜ਼ਿਆਦਾ ਫੈਲ ਗਈ ਕਿ ਜੋ ਸਿਗਰਟ ਪੀਂਦੇ, ਉਸ ਨੂੰ ਸਮਾਜ ਵਿੱਚ ਇੱਜ਼ਤ ਨਾਲ ਵੇਖਿਆ ਜਾਣ ਲੱਗਾ। ਇਸ ਤਰ੍ਹਾਂ ਲੋਕ ਵੇਖਾ-ਵਖਾਈ ਇਸ ਨਸ਼ੇ ਦੇ ਆਦੀ ਬਣ ਗਏ। ਇਹ ਸਮਝਣ ਲੱਗ ਗਏ ਕਿ ਜੇ ਤੁਸੀਂ ਦੁਖਾਂ ਤੋਂ ਛੁਟਕਾਰਾ ਪਾਉਣਾ ਹੈ, ਤਾਂ ਨਸ਼ੇ ਕਰਨਾ ਜ਼ਰੂਰੀ ਹੈ। ਇਨ੍ਹਾਂ ਫਿਲਮਾਂ ਨੇ ਕਈ ਲੋਕਾਂ ਦੇ ਦਿਮਾਗ ਵਿੱਚ ਇਹ ਭਰ ਦਿੱਤਾ ਕਿ ਮਸਤੀ ਵਿੱਚ ਰਹਿਣ ਲਈ ਸਿਗਰਟ ਦਾ ਨਸ਼ਾ ਤੇ ਹੋਰ ਨਸ਼ਿਆਂ ਦੀ ਜ਼ਰੂਰਤ ਪੈਂਦੀ ਹੈ।

ਪੰਜਾਬ ਵਿੱਚ ਕਈ ਡੇਰੇ ਇਸ ਤਰ੍ਹਾਂ ਦੇ ਬਣ ਗਏ, ਜਿਨ੍ਹਾਂ ਨੂੰ ਮਜ਼ਾਰ ਜਾਂ ਮਸਤ ਦੇ ਡੇਰੇ ਦੇ ਨਾਂਅ ਨਾਲ ਪੁਕਾਰਿਆ ਜਾਦਾ ਹੈ, ਸਾਰੀਆਂ ਮਜ਼ਾਰਾਂ 'ਤੇ ਰਵਾਇਤੀ ਸੂਫ਼ੀ ਸੰਗੀਤ, ਕੱਵਾਲੀ ਦਾ ਪ੍ਰਬੰਧ ਕੀਤਾ ਜਾਂਦਾ ਹੈ।ਇਨ੍ਹਾਂ ਵਿੱਚ ਭੰਗ ਬਹੁਤਾਤ ਵਿੱਚ ਵਰਤੀ ਜਾਂਦੀ ਹੈ, ਜੋ ਕਿ ਪਹਿਲਾਂ ਤੋਂ ਹੀ ਪ੍ਰਚਲਿਤ ਹੈ ਅਤੇ ਉੱਤਰੀ ਭਾਰਤ ਵਿੱਚ ਇਸ ਦਾ ਸੇਵਨ ਵਧੇਰੇ ਹੈ। ਸਾਧੂ ਅਤੇ ਸੂਫੀਆਂ ਦੁਆਰਾ ਇਸ ਨੂੰ ਵਰਤਿਆ ਜਾਂਦਾ ਸੀ, ਪਰ ਅੱਜਕੱਲ੍ਹ ਹਰ ਕੋਈ ਇਸ ਤਰ੍ਹਾਂ ਦੇ ਨਸ਼ਿਆਂ ਵਿੱਚ ਡੁੱਬਿਆ ਰਹਿੰਦਾ ਹੈ, ਜਦ ਕਿ ਪਹਿਲਾਂ-ਪਹਿਲ ਇਹ ਲੋਕ ਮਸਤੀ ਵਿੱਚ ਰਹਿਣ ਲਈ ਇਸ ਤਰ੍ਹਾਂ ਦੇ ਨਸ਼ੇ ਕਰਦੇ ਸਨ। ਹਿੱਪੀ ਇੱਕ ਯੁਵਕ ਅੰਦੋਲਨ ਸੀ, ਜੋ 1960ਵਿਆਂ ਮੱਧ ਵਿੱਚ ਸੰਯੁਕਤ ਰਾਜ ਅਮਰੀਕਾ ਵਿੱਚ ਉੱਭਰਿਆ ਅਤੇ ਬੜੀ ਤੇਜ਼ੀ ਨਾਲ ਦੁਨੀਆ ਦੇ ਹੋਰ ਦੇਸ਼ਾਂ ਵਿੱਚ ਫੈਲ ਗਿਆ। ਸ਼ੁਰੂ ਵਿੱਚ ਇਸ ਦਾ ਇਸਤੇਮਾਲ ਪੁਰਾਣੀਆਂ ਪਰੰਪਰਾਵਾਂ ਦਾ ਵਿਰੋਧ ਕਰਨਾ ਹੀ ਸੀ। ਇਹ ਅਮਰੀਕਾ ਦੇ ਐਸ਼ਬਰੀ ਜ਼ਿਲ੍ਹੇ ਵਿੱਚ ਜਾ ਕੇ ਵੱਸ ਗਏ ਸਨ। ਹਿੱਪੀ ਦੀ ਸ਼ੁਰੂਆਤੀ ਵਿਚਾਰਧਾਰਾ ਵਿੱਚ ਨਵੀਂ ਪੀੜ੍ਹੀ ਦੇ ਉਹ ਲੋਕ ਸ਼ਾਮਲ ਸਨ, ਜੋ ਪੁਰਾਣੇ ਸੱਭਿਆਚਾਰ ਦੇ ਵਿਰੋਧੀ ਸਨ। ਨਵੀਂ ਪੀੜ੍ਹੀ ਸਥਾਪਤ ਪੁਰਾਣੇ ਖਿਆਲਾਂ ਦੇ ਲੋਕਾਂ ਦਾ ਸ਼ਰੇਆਮ ਮਜ਼ਾਕ ਉਡਾਉਂਦੀ ਸੀ। ਕੁਝ ਲੋਕਾਂ ਨੇ ਖੁਦ ਆਪਣੇ ਸਮਾਜਿਕ ਸਮੂਹ ਅਤੇ ਸਮੁਦਾਏ ਬਣਾ ਲਏ, ਜੋ ਮਨੋਵਿਕਾਰੀ ਰਾਕ ਧੁਨਾਂ ਸੁਣਦੇ ਸਨ, ਯੋਨ ਕ੍ਰਾਂਤੀ ਨੂੰ ਖੁੱਲ੍ਹੀ ਤਰਾਂ ਸਵਿਕਾਰਦੇ ਸਨ ਅਤੇ ਚੇਤਨਾ ਦੀਆਂ ਵਿਕਲਪਿਕ ਮਨੋਸਥਿਤੀਆਂ ਨੂੰ ਪ੍ਰਾਪਤ ਕਰਨ ਲਈ ਕਈ ਤਰ੍ਹਾਂ ਦੀਆਂ ਨਸ਼ੀਲੀਆਂ ਦਵਾਈਆਂ ਦਾ ਸੇਵਨ ਕਰਦੇ ਸਨ। ਇਨ੍ਹਾਂ ਤੋਂ ਇਲਾਵਾ ਪੰਜਾਬੀਆਂ ਦੇ ਹਰਮਨ ਪਿਆਰੇ ਕਿੱਸਾਕਾਰ ਵੀ ਨਸ਼ੇ ਨੂੰ ਆਪਣੀ ਲਿਖਤ ਵਿੱਚ ਹੀਰ ਦੇ ਰੰਗ ਦੀ ਤੁਲਨਾ ਜਦੋਂ ਸ਼ਰਾਬ ਨਾਲ ਇਸ ਤਰ੍ਹਾਂ ਕਰਦੇ ਹਨ ਤੇ ਵਾਰਿਸ ਸ਼ਾਹ ਹੀਰ ਦੇ ਹੁਸਨ ਦੀ ਤਾਰੀਫ ਕਰਦਾ ਕਹਿੰਦਾ ਹੈ:

*ਕੇਹੀ ਹੀਰ ਦੀ ਕਰੇ ਤਾਰੀਫ ਸ਼ਾਇਰ*
*ਮੱਥੇ ਚਮਕਦਾ ਹੁਸਨ ਮਹਿਤਾਬ ਦਾ ਜੀ।*
*ਖੂਨੀ ਚੂੰਡੀਆਂ ਰਾਤ ਜਿਉਂ ਚੰਨ ਦਵਾਲੇ*
*ਸੁਰਖ ਰੰਗ ਜਿਉਂ ਰੰਗ ਸ਼ਰਾਬ ਦਾ ਜੀ।*

ਇਹੋ ਜਿਹੀਆਂ ਗੱਲਾਂ ਵੀ ਕਿਤੇ ਨਾ ਕਿਤੇ ਭਾਂਬੜ 'ਤੇ ਤੇਲ ਪਾਉਣ ਵਾਂਗ ਕੰਮ ਕਰਦੀਆਂ ਨਜ਼ਰ ਪੈਂਦੀਆਂ ਹਨ। ਇਨ੍ਹਾਂ ਲੋਕਾਂ ਵੱਲ ਵੇਖ ਕੇ ਹੀ ਜਾਂ ਪੜ੍ਹ ਕੇ ਆਮ ਲੋਕਾਂ ਦੇ ਦਿਮਾਗ 'ਤੇ ਅਸਰ ਤਾਂ ਹੁੰਦਾ ਹੀ ਹੈ। ਇਨ੍ਹਾਂ ਲੋਕਾਂ ਦੁਆਰਾ ਨਸ਼ਿਆਂ ਦਾ ਏਨਾ ਪ੍ਰਚਾਰ ਕਰਨ ਸਦਕਾ ਇਹ ਪੰਜਾਬ ਵਿੱਚ ਅੱਗ ਵਾਂਗ ਫੈਲੇ ਇਹ ਨਸ਼ੇ ਪੰਜਾਬੀਆਂ ਦੀਆਂ ਨਸਾਂ ਵਿੱਚ ਏਨੇ ਜ਼ਿਆਦਾ ਰਚ ਗਏ ਕਿ ਜਿਨ੍ਹਾਂ ਨੂੰ ਛੱਡਣਾ ਅਸੰਭਵ ਹੋ ਗਿਆ, ਜਿਵੇਂ-ਜਿਵੇਂ ਸਰੀਰ ਨੂੰ ਜ਼ਿਆਦਾ ਲੋੜ ਪੈਂਦੀ ਗਈ, ਉਵੇਂ-ਉਵੇਂ ਨਸ਼ੇ ਵੀ ਜਿਆਦਾ ਜ਼ਹਿਰੀਲੇ ਆਉਂਦੇ ਗਏ। ਅੱਜਕੱਲ੍ਹ ਕਈ ਕਿਸਮ ਦੇ ਨਸ਼ੇ ਆ ਗਏ ਹਨ, ਜਿਵੇਂ ਕਿ, ਹੈਰੋਇਨ, ਚਰਸ, ਗੋਲੀਆਂ, ਕੈਪਸੂਲ ਨਸ਼ੇ ਦੇ ਟੀਕੇ, ਨਸ਼ੀਲੀਆਂ ਦਵਾਈਆਂ, ਜਦ ਕਿ ਪਹਿਲਾਂ ਤੰਬਾਕੂ, ਡੋਡੇ, ਸ਼ਰਾਬ, ਗਾਂਜਾ, ਅਫੀਮ ਅਤੇ ਭੁੱਕੀ ਆਦਿ ਸੀ, ਪਰ ਪੰਜਾਬ ਵਿੱਚ ਜਿਸ ਨੇ ਜ਼ਿਆਦਾ ਤਬਾਹੀ ਮਚਾਈ, ਉਹ ਹੈ ਚਿੱਟਾ। ਪਹਿਲਾਂ ਚਿੱਟੇ ਦਾ ਧੂੰਆਂ ਪੀਤਾ ਜਾਂਦਾ ਸੀ, ਪਰ ਅੱਜ-ਕੱਲ੍ਹ ਇਸ ਨੂੰ ਪਾਣੀ ਵਿੱਚ ਘੋਲ ਕੇ ਇਸ ਦਾ ਟੀਕਾ ਲਾਇਆ ਜਾਂਦਾ ਹੈ, ਇਹ ਇਕ ਹੀ ਸਰਿੰਜ ਨਾਲ ਕਈ ਜਣੇ ਲਗਾ ਲੈਂਦੇ ਹਨ। ਜਿਸ ਕਰਕੇ ਕਾਲਾ ਪੀਲੀਆ ਤੇ ਐੱਚ ਆਈ ਵੀ ਜਿਹੀ ਬਿਮਾਰੀ ਦੇ ਸ਼ਿਕਾਰ ਹੋ ਰਹੇ ਹਨ। ਜਿਨ੍ਹਾਂ ਦੀ ਗਿਣਤੀ ਦਿਨੋ-ਦਿਨ ਵਧਦੀ ਜਾਂਦੀ ਹੈ। ਹਿੱਪੀ ਸੂਫੀ ਤੇ ਫਕੀਰ ਲੋਕ, ਜਿਵੇਂ ਆਮ ਨਾਲੋਂ ਵੱਖਰੇ ਚਲਦੇ ਸਨ ਤੇ ਆਮ ਲੋਕਾਂ ਨੂੰ ਟਿੱਚ ਜਾਣਦੇ ਸਨ, ਇਸ ਤਰ੍ਹਾਂ ਹੀ ਇਹ ਨਸ਼ਈ ਲੋਕ ਵੀ ਵੱਖਰੇ ਹੀ ਚਲਦੇ ਹਨ।

ਪਿਛਲੇ ਸਮਿਆਂ ਵਿੱਚ ਪੰਜਾਬ ਵਿਚੋਂ ਨਸ਼ੇ ਨੂੰ ਖਤਮ ਕਿਵੇਂ ਕਰੀਏ, ਇਸ ਬਾਰੇ ਸਾਰਾ ਪੰਜਾਬੀ ਭਾਈਚਾਰਾ ਗੰਭੀਰ ਵਿਚਾਰ-ਚਰਚਾ ਕਰਦਾ ਹੈ। ਜਿਹੜੀ ਜਵਾਨੀ ਕਦੇ ਅੱਡੀ ਮਾਰ ਧੂੜ ਉਡਾਉਂਦੀ ਸੀ ਤੇ ਉਡਣੇ ਸੱਪ ਵਾਂਗੂੰ ਫੁਰਤੀਲੀ ਸੀ, ਹੱਕਾਂ ਲਈ ਲੜਦੀ ਸੀ। ਉਸ ਦਾ ਆਪਣਾ ਹਾਲ ਹੁਣ ਤੁਰਨ 'ਤੇ ਲੜਖੜਾ ਰਿਹਾ ਹੈ। ਵਿਦਵਾਨ, ਲੇਖਕ, ਕਵੀ, ਨੌਜਵਾਨ, ਰਾਜਨੀਤੀਵਾਨ, ਸਮਾਜਿਕ ਕਾਰਕੁਨ , ਔਰਤਾਂ, ਵਿਦਿਆਰਥੀ, ਦੁਕਾਨਦਾਰ, ਮਜ਼ਦੂਰ, ਕਿਸਾਨ, ਗੱਲ ਕੀ ਹਰ ਤਬਕਾ ਇਸ ਬਾਰੇ ਚਿੰਤਾ ਦਾ ਪ੍ਰਗਟਾਵਾ ਕਰ ਰਿਹਾ ਹੈ, ਪਰ ਇਹ ਲੜਾਈ ਸਰਬਸੰਮਤੀ ਨਾਲ ਨਹੀਂ ਲੜੀ ਜਾ ਰਹੀ। ਸਿਆਣੇ ਬਣੋ ਲੋਕੋ ਇਨ੍ਹਾਂ ਨੂੰ ਸਮਝਾਓ ਕਿ ਥੋੜ੍ਹੇ ਸਮੇਂ ਦੀ ਲੋਰ ਵਿਚ ਸਾਰੀ ਜ਼ਿੰਦਗੀ ਨਾ ਖਰਾਬ ਕਰੋ। ਪੰਜਾਬੀ ਵੀਰ ਇੱਕਜੁੱਟ ਹੋ ਇਸ ਜੰਗ ਵਿੱਚ ਕੁੱਦ ਪਏ ਤਾਂ ਜਿੱਤ ਹੋਵੇਗੀ ਹੀ ਹੋਵੇਗੀ।

**# ਸੰਪਰਕ : 94179-15875**

